
ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

## ਗੁਰੂ ਨਾਨਕ ਨਿਰੰਕਾਰੀ ਦੇ ਪੰਜੇ ਸਾਹਿਬ ਦਾ ਖ਼ੂਨੀ ਸਾਕਾ



ਤਰਨ ਤਾਰਨ ਦੀ ਤਾਜ਼ੀ ਘਟਨਾ ਨੇ ਇਸ ਖ਼ੂਨੀ ਸਾਕੇ ਦੀ ਯਾਦ ਤਾਜ਼ਾ ਕਰ ਦਿਤੀ।

ਨਵੰਬਰ ੧੯੮੨

www.AKJ.Org

# ਤਤਕਰਾ


| | | |
|---|---|---|
| "ਬਲਿਓ ਚਰਾਗੁ ਅੰਧ੍ਯਾਰ ਮਹਿ" ਤੇ ਅਰਥ ਵਿਆਖਿਆ | ਸ੍ਰੀ ਮੁਖਵਾਕ ਮਹਲਾ ੫ | ੩ |
| ਸ੍ਰੀ ਗੁਰੂ ਨਾਨਕ ਸੰਸਾਰ-ਸੁਧਾਰ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੫ |
| ਟਕਸਾਲ ਵਾਲੇ ਮੋਦੀਆ (ਕਵਿਤਾ) | " " " | ੮ |
| ਮਾਨਵਤਾ ਦਾ ਸੁਲਤਾਨ (ਕਵਿਤਾ) | ਸ: ਦਾਨ ਸਿੰਘ ਜੀ ਕੋਮਲ | ੯ |
| ਨਾਨਕ ਸੱਚ ਦਾ ਬਣ ਸਫ਼ੀਰ ਆਇਆ (ਕਵਿਤਾ) | ਮਾ: ਮਾਘ ਸਿੰਘ ਜੀ ਪਿਆਰ | ੯ |
| ਪੰਜਾ ਸਾਹਿਬ ਦਾ ਸ਼ਹੀਦੀ ਸਾਕਾ | ਗਿ: ਪ੍ਰਤਾਪ ਸਿੰਘ ਜੀ | ੧੦ |
| ਛਡੋ ਵਿਦੇਸ਼-ਪ੍ਰਸਤੀਆਂ (ਕਵਿਤਾ) | ਸਾਡਾ ਵਿਰਸਾ ਸਾਡਾ ਗੌਰਵ | ੧੦ |
| ਮਨ ਹਰਿ ਰਸੁ ਸਭ ਤੇ ਮੀਠਾ ਜੀਉ | ਪ੍ਰਿੰਸੀਪਲ ਗੁਰਮੁਖ ਸਿੰਘ ਜੀ | ੧੧ |
| ਪਰਮ ਪੁਰਖ ਸੀ ਪਰਮ ਇਨਸਾਨ ਸੀ ਉਹ (ਕਵਿਤਾ) | ਸ: ਵਿਧਾਤਾ ਸਿੰਘ ਜੀ ਤੀਰ | ੧੬ |
| ਸ੍ਰੀ ਗੁਰੂ ਨਾਨਕ ਦਾ ਸਰਬ-ਪੱਖੀ ਇਨਕਲਾਬ | ਸ: ਧਰਮ ਸਿੰਘ ਜੀ | ੧੭ |
| ਪੂਰਬ ਜਨਮ ਕੇ ਮਿਲੇ ਸੰਜੋਗੀ (੧੦) | ਪ੍ਰੋਫੈਸਰ ਠਾਕਰ ਸਿੰਘ ਜੀ | ੨੦ |
| ਅੰਮ੍ਰਿਤਾ ਦਾ ਸਿਖੀ ਤੇ ਹਮਲਾ | ਸ: ਸੁਰਜੀਤ ਸਿੰਘ ਜੀ ਸੋਖੀ | ੨੮ |
| ਪੰਥਕ ਖਬਰਾਂ | ਅਖਬਾਰਾਂ ਦੀ ਜ਼ਬਾਨੀ | ੨੯ |
| ਮਦ–ਨਸ਼ਾ–ਅਮਲ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੩੪ |
| ਜਨਤਕ ਥਾਵਾਂ ਤੇ ਤਮਾਕੂ-ਨੋਸ਼ੀ | ਸ: ਹਰਬੰਸ ਸਿੰਘ ਜੀ ਲਾਇਲਪੁਰੀ | ੩੫ |
| ਸਿਖ ਸ਼ਹੀਦਾਂ ਦੀਆਂ ਅਦੁੱਤੀ ਕੁਰਬਾਨੀਆਂ | ਸ: ਸਰੂਪ ਸਿੰਘ ਜੀ ਅਲਗ | ੩੭ |
| ਧਰਮ-ਯੁਧ ਮੋਰਚਾ | ਅਖਬਾਰਾਂ ਦੀ ਜ਼ਬਾਨੀ | ੩੯ |
| ਨਿਰਗੁਣ ਤੇ ਸਰਗੁਣ ਵਾਹਿਗੁਰੂ | ਬੀਬੀ ਗੁਰਜੀਤ ਕੌਰ ਜੀ | ੪੦ |
| ਗੁਰਸਿਖ ਮੀਤ ਚਲਹੁ ਗੁਰ ਚਾਲੀ | ਸੂਰਾ ਪਰਵਾਰ | ੪੨ |
| ਪਿਆਰੀ ਸਿੱਖੀ (ਕਵਿਤਾ) | ਸ: ਤੇਗਬਹਾਦਰ ਸਿੰਘ ਤੇਗ | ੪੩ |
| ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ਼ੀਹਾ ਉਪਲ ਦੀ ਸਾਖੀ | ਅਕਾਲੀ ਗੁਰਚਰਨ ਸਿੰਘ ਜੀ | ੪੩ |


ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ੧ ਨਬੰਬਰ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਿਆਈ ੧੮ ਨਵੰਬਰ ਸ੍ਰੀ ਗੁਰੂ ਤੇਗ ਬਹਾਦਰ ਜੀ ਜੋਤੀ ਜੋਤਿ ੨੦ ਨਵੰਬਰ

## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਕਰਨਲ ਕੁਲਵੰਤ ਸਿੰਘ ਜੀ ਬਾਊ ਮੱਲ ਸਿੰਘ ਜੀ ਦੀ | ਯਾਦ ਵਿਚ ਸਾਲਾਨਾ ਸਮਾਗਮ ਦਾ ਦੜ੍ਹਾਵਾ | ੫੮-੬੦ |
| ਸ: ਗੁਰਬਖਸ਼ ਸਿੰਘ ੮੨ ਅਜੀਤ ਨਗਰ ਅੰਮ੍ਰਿਤਸਰ | ਕਾਕਾ ਮਨਮੋਹਨ ਸਿੰਘ ਦੇ ਅਨੰਦ ਸਮੇਂ ਦਾ ਚੜ੍ਹਾਵਾ | ੭੮-੦੦ |
| ਭਾਈ ਪ੍ਰੀਤਮ ਸਿੰਘ ਜੀ ਮੂਸਾਪੁਰ | ਲੜਕੇ ਦੇ ਅਨੰਦ ਦੀ ਖੁਸ਼ੀ ਵਿਚ | ੨੧-੦੦ |
| ਸ: ਹਰਜਿੰਦਰ ਸਿੰਘ ਜੀ ਪਠਾਨਕੋਟ | 'ਸੂਰਾ' ਪੱਤਰ ਦੀ ਚੜ੍ਹਦੀ ਕਲਾ ਲਈ | ੫-੦੦ |
| ਸ: ਜੋਗਿੰਦਰ ਸਿੰਘ ਜੀ ਖਨੂਜਾ ਬਿਰੋਲਿਨ ਗੋਆ | " " " | ੬-੦੦ |
| ਸਿੰਘਣੀ ਭਾ: ਪੂਰਨ ਸਿੰਘ ਜੀ ਵਲੋਂ | ਭਾ: ਪੂਰਨ ਸਿੰਘ ਜੀ ਬਲ ਦੇ ਅਕਾਲ ਚਲਾਣੇ ਸਮੇਂ | ੧੦੧-੦੦ |
| ਕਰਨਲ ਕੁਲਵੰਤ ਸਿੰਘ ਜੀ ਗਿਲ ਵਲੋਂ | ਬਾਊ ਜੀ ਦੀ ਜੀਵਨੀ ਛਾਪਣ ਲਈ | ੧੫੦੦-੦੦ |
| ਸ: ਸੁਜਾਨ ਸਿੰਘ ਮਨਜੀਤ ਸਿੰਘ ਖਤੌਲੀ | ਪੂਰਨ ਜੀ ਦੇ ਬਚਿਆਂ ਨਮਿਤ ਸਮਾਗਮ ਦਾ ਚੜ੍ਹਾਵਾ | ੧੦੧-੦੦ |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੧੧.੮੨ ਨੂੰ ਪ੍ਰਕਾਸ਼ਤ ਕੀਤਾ ।

ਟੈਲੀਫੋਨ ਨੰਬਰ : 51847 ਘਰ 43094



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ


**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੨੫

ਪਰਦੇਸ

ਸਮੁੰਦਰੀ ਡਾਕ ੩੦-੦੦

ਹਵਾਈ ਡਾਕ

ਅਰਬ, ਮਲਾਇਆ ੪੫-੦੦
ਯੂ. ਕੇ., ਅਫਰੀਕਾ ੬੦-੦੦
ਕਨੇਡਾ, ਅਮਰੀਕਾ ੭੦-੦੦

**ਅਮਾਨਤੀ**

**ਲਾਈਫ ਮੈਂਬਰ**

ਦੇਸ ੧੫੦-੦੦
ਪਰਦੇਸ ੩੦੦-੦੦

ਹਵਾਈ ਡਾਕ

ਯੂ. ਕੇ. ਅਫਰੀਕਾ ੬੫੦-੦੦
ਕੈਨੇਡਾ, ਅਮਰੀਕਾ ੭੦੦-੦੦
ਅਰਬ ਮਲਾਇਆ ੫੦੦-੦੦

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੯ ਨਵੰਬਰ ੧੯੯੨ ਅੰਕ ੧੧


## ਬਲਿਓ ਚਰਾਗੁ ਅੰਧ੍ਯਾਰ ਮਹਿ

ਕਵਨੁ ਜੋਗੁ ਕਉਨੁ ਗ੍ਯ੍ਯਾਨੁ ਧ੍ਯ੍ਯਾਨੁ ਕਵਨ ਬਿਧਿ ਉਸ੍ਤਤਿ ਕਰੀਐ ॥
ਸਿਧ ਸਾਧਿਕ ਤੇਤੀਸ ਕੋਰਿ ਤਿਰੁ ਕੀਮ ਨ ਪਰੀਐ ॥
ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ ॥
ਅਗਹੁ ਗਹਿਓ ਨਹੀ ਜਾਇ ਪੂਰਿ ਸ੍ਰਬ ਰਹਿਓ ਸਮਾਏ ॥
ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ ਲਗੇ ਭਗਤੇ ॥
ਹਰਿ ਗੁਰੁ ਨਾਨਕੁ ਜਿਨ੍ਹ੍ਹ ਪਰਸਿਓ ਤੇ ਇਤ ਉਤ ਸਦਾ ਮੁਕਤੇ ॥੮॥
ਪ੍ਰਭ ਦਾਤਉ ਦਾਤਾਰ ਪਰਿਓ ਜਾਚਕੁ ਇਕੁ ਸਰਨਾ ॥
ਮਿਲੈ ਦਾਨੁ ਸੰਤ ਰੇਨ ਜੇਹ ਲਗਿ ਭਉਜਲੁ ਤਰਨਾ ॥
ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ ॥
ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ ॥
ਬਲਿਓ ਚਰਾਗੁ ਅੰਧ੍ਯ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮੁ ॥੯॥

[ਸਵਯੇ ਸ੍ਰੀ ਮੁਖ ਬਾਕ ਮਹਲਾ ੫, ਪੰਨਾ ੧੩੮੬-੮੭



www.AKJ.Org

# ਬਲਿਓ ਚਰਾਗੁ ਅੰਧ੍ਯਾਰ ਮਹਿ

ਇਹ ਦੋ ਸਵਈਏ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਨ, ਜਿਨ੍ਹਾਂ ਨੇ ਸ਼ਹੀਦਾਂ ਦੇ ਉਸਰੇ ਜਾਣ ਵਾਲੇ ਮਹੱਲ ਦੀ ਨੀਂਹ ਆਪਣੀ ਅਦੁੱਤੀ, ਲਾਸਾਨੀ ਤੇ ਬੇਮਿਸਾਲ ਸ਼ਹੀਦੀ ਦੇ ਕੇ ਐਸੀ ਪ੍ਰਖ਼ਤਾ ਤੇ ਅਹਿੱਲ ਰਖੀ, ਜੋ ਕਿ ਰਹਿੰਦੀ ਦੁਨੀਆ ਤਕ ਅਟੱਲ ਤੇ ਅਮਰ ਰਹੇਗੀ ਅਤੇ ਸਿੰਘ ਸੂਰਬੀਰਾਂ ਨੂੰ ਧੱਕੇ, ਬੇਇਨਸਾਫ਼ੀ, ਅਧਰਮ ਤੇ ਜ਼ੁਲਮ ਦਾ ਟਾਕਰਾ ਕਰਨ ਲਈ, ਦ੍ਰਿੜ੍ਹ ਤੇ ਅਡੋਲ ਰਹਿ ਕੇ ਸਦਾ ਪ੍ਰੇਰਦੀ ਰਹੇਗੀ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ, ਨਿਰੰਕਾਰ ਦੇ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤਿ ਕਰਦਿਆਂ ਇਨ੍ਹਾਂ ਸਵਈਆਂ ਵਿਚ ਉਨ੍ਹਾਂ ਪ੍ਰਤੀ ਸ਼ਰਧਾ ਪੇਸ਼ ਕਰਦੇ ਹਨ–

(ਹੇ ਗੁਰੂ ਨਾਨਕ ਸਾਹਿਬ !) (ਅਜਿਹਾ) ਕਿਹੜਾ ਜੋਗ ਹੈ, ਕਿਹੜਾ ਗਿਆਨ ਤੇ ਧਿਆਨ ਹੈ ਅਤੇ ਅਜਿਹੀ ਕਿਹੜੀ ਜੁਗਤੀ ਹੋ ਸਕਦੀ ਹੈ, ਜਿਸ ਰਾਹੀਂ ਆਪ ਦੀ ਉਸਤਿਤ ਕੀਤੀ ਜਾ ਸਕੇ। ਭਾਵ, ਕਿਸੇ ਜੋਗ ਜਾਂ ਗਿਆਨ ਧਿਆਨ ਰਾਹੀਂ ਜਾਂ ਕਿਸੇ ਵੀ ਤਰੀਕੇ ਨਾਲ ਤੇਰੀ ਉਸਤਤਿ ਨਹੀਂ ਬਿਆਨ ਕੀਤੀ ਜਾ ਸਕਦੀ। ਹੇ ਗੁਰੂ ਨਾਨਕ ! ਤੇਰੀ ਉਸਤਤਿ ਬੇਅੰਤ ਹੈ ਅਤੇ ਕਥਨ ਤੋਂ ਬਾਹਰੀ ਹੈ।

ਮਹਾਨ ਸਾਧਨਾਂ ਕਰਨ ਵਾਲੇ ਸਿਧ-ਸਾਧਕਾਂ ਅਤੇ ਤੇਤੀ ਕਰੋੜ ਦੇਵਤਿਆਂ ਵਲੋਂ ਤੇਰੀ ਕੀਮਤ ਨਹੀਂ ਪਾਈ ਜਾ ਸਕਦੀ। ਬ੍ਰਹਮਾ ਆਦਿਕ, ਬ੍ਰਹਮਾ ਦੇ ਪੁੱਤਰ ਸਨਕ ਆਦਿਕ ਅਤੇ ਸਹਸ-ਫਨੀ ਸ਼ੇਸ਼ਨਾਗ ਵਰਗੇ ਵੀ ਤੇਰੇ ਗੁਣ ਕਥਨ ਕਰ ਕਰ ਕੇ ਤੇਰਾ ਅੰਤ ਨਹੀਂ ਪਾ ਸਕੇ। (ਹੇ ਗੁਰੂ ਨਾਨਕ ! ਤੂੰ ਇਤਨਾ ਮਹਾਨ ਹੈਂ ਕਿ ਸਭਨਾਂ ਜਸ ਗਾਉਣ ਵਾਲਿਆਂ ਦੀ) ਪਹੁੰਚ ਤੋਂ ਤੂੰ ਪਰੇ ਹੈਂ, ਤੇਰੀ ਮਹਾਨਤਾ ਤਕ ਕਿਸੇ ਦੀ ਰਿਸਾਈ ਨਹੀਂ ਹੋ ਸਕਦੀ, ਪਰ ਤੂੰ ਸਾਰਿਆਂ ਸਰੀਰਾਂ ਤੇ ਸਭਨਾਂ ਥਾਵਾਂ ਵਿਚ ਵਸ ਰਿਹਾ ਹੈਂ।

ਦਿਆਲ ਪ੍ਰਭੂ ਨੇ ਜਿਨ੍ਹਾਂ ਦੀ (ਮਾਇਆ ਵਾਲੀ) ਫਾਹੀ ਕਟ ਦਿਤੀ ਹੈ ਓਹੋ ਹੀ (ਉਸ ਗੁਰੂ ਨਾਨਕ ਦੀ ਦ੍ਰਿੜ੍ਹਾਈ ਹੋਈ) ਨਾਮ-ਭਗਤੀ ਵਿਚ ਲਗੇ ਹਨ। ਜਿਨ੍ਹਾਂ ਨੇ ਵੀ ਹਰੀ (ਵਾਹਿਗੁਰੂ) ਸਰੂਪ ਗੁਰੂ ਨਾਨਕ ਨੂੰ ਪਰਸਿਆ ਹੈ, ਉਹ ਇਸ ਲੋਕ ਵਿਚ ਅਤੇ ਪਰਲੋਕ ਵਿਚ ਮੁਕਤ ਹੋ ਗਏ ਹਨ ॥੮॥

ਹੇ ਪ੍ਰਭੂ ਸਰੂਪ ਦਾਤਾਂ ਬਖਸ਼ਣ ਵਾਲੇ ਦਾਤਾਰ ਗੁਰੂ ਨਾਨਕ ! ਮੈਂ ਇਕ ਮੰਗਤਾ ਤੇਰੀ ਸ਼ਰਨੀ ਆ ਪਿਆ ਹਾਂ। ਮੈਂ ਦਾਸ ਨੂੰ ਤੇਰੇ ਦਰ ਤੋਂ ਸੰਤ ਜਨਾਂ ਦੀ ਧੂੜ ਮਿਲ ਜਾਵੇ; ਭਾਵ, ਜਿਨ੍ਹਾਂ ਗੁਰਮੁਖਾਂ ਨੂੰ ਆਪ ਜੀ ਨਾਮ ਦੀ ਦਾਤਿ ਬਖਸ਼ ਕੇ ਸੰਤ ਸਰੂਪ ਬਣਾ ਦਿੰਦੇ ਹੋ, ਮੈਨੂੰ ਉਨ੍ਹਾਂ ਦੀ ਧੂੜੀ ਬਖਸ਼ੋ ਜੀ। ਹੇ ਮੇਰੇ ਠਾਕੁਰ, ਮੇਰੇ ਮਾਲਕ ਗੁਰੂ ਨਾਨਕ ! ਮੈਂ ਇਕ ਅਰਦਾਸ-ਬੇਨਤੀ ਕਰਦਾ ਹਾਂ ਜੀ, ਜੇ ਤੈਨੂੰ ਭਾ ਜਾਵੇ ਤਾਂ ਮੇਰੀ ਇਹ ਬੇਨਤੀ ਸੁਣੋ ਜੀ (ਕਿ ਮੈਨੂੰ ਆਪਣਾ) ਦਰਸ਼ਨ ਬਖਸ਼ੋ ਜੀ, ਮੇਰੇ ਮਨ ਵਿਚ ਇਹ ਚਾਅ-ਉਮੰਗ ਹੈ। ਅਤੇ ਨਾਲ ਹੀ ਮੇਰਾ ਇਹ ਮਨ (ਤੇਰੀ ਬਖ਼ਸ਼ੀ ਹੋਈ) ਭਗਤੀ ਵਿਚ ਟਿਕ ਜਾਵੇ, (ਫਿਰ ਹੋਰ ਕਿਤੇ ਇਧਰ ਉਧਰ ਨਾ ਜਾਵੇ)।

ਹੇ ਗੁਰੂ ਨਾਨਕ ਪਾਤਸਾਹ ! ਇਸ ਅੰਧ ਘੋਰ ਸੰਸਾਰ ਸਾਗਰ ਵਿਚ ਤੁਸੀਂ ਮਹਾਨ ਪ੍ਰਕਾਸ਼ ਰੂਪ ਚਾਨਣ ਹੋ ਕੇ ਦੀਪਮਾਨ (ਉਜਾਗਰ) ਹੋਏ ਹੋ ਅਤੇ ਕਲਜੁਗ ਦੀ ਸਾਰੀ ਲੁਕਾਈ (ਆਪ ਦੇ ਬਖਸ਼ੇ) ਇਕੋ ਇਕ ਨਾਮ ਦੇ ਆਸਰੇ ਉਧਰ ਗਈ ਹੈ, ਪਾਰ ਉਤਰ ਗਈ ਹੈ।

ਸਾਰਿਆਂ ਭਵਨਾਂ ਵਿਚ (ਇਹ ਮਹਾਨ ਸਚਾਈ) ਪਰਤੱਖ ਹੈ ਕਿ ਦਾਸਤ ਭਾਵ ਵਾਲਾ ਗੁਰੂ ਨਾਨਕ ਪਾਰਬ੍ਰਹਮ ਦਾ ਰੂਪ ਹੈ। ਭਾਵ, ਗੁਰੂ ਨਾਨਕ ਨਿਰੰਕਾਰੀ ਇਸ ਸੰਸਾਰ ਵਿਚ ਅਤਿ ਮਸਕੀਨੀ, ਗਰੀਬੀ ਤੇ ਨਿਰਮਾਣਤਾ ਵਿਚ ਵਿਚਰਦਾ ਰਿਹਾ ਹੈ, ਪਰ ਸਹੀ ਅਰਥਾਂ ਵਿਚ ਉਹ ਪਾਰਬ੍ਰਹਮ ਵਾਹਿਗੁਰੂ ਦਾ ਆਪਣਾ ਖ਼ਾਸ ਰੂਪ ਹੈ। ਜਿਹਾ ਕਿ ਭੱਟ ਬੇਨਤੀ ਕਰ ਰਹੇ ਹਨ–

ਆਪਿ ਨਰਾਇਣ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥ (ਪੰਨਾ ੧੩੯੫)



www.AKJ.Org

# ਸ੍ਰੀ ਗੁਰੂ ਨਾਨਕ ਸੰਸਾਰ-ਸੁਧਾਰ

[ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਜਗਤ ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਨੇ ਜਗਤ ਉਧਾਰ ਰੂਪੀ ਜੋ ਸੰਸ਼ਾਰ-ਸੁਧਾਰ ਕੀਤਾ, ਉਸ ਦਾ ਆਦਰਸ਼ਕ ਔਜ ਬਹੁਤ ਉੱਚਾ ਅਤੇ 'ਊਚੀ ਹੂੰ ਊਚਾ ਅਪਾਰ' ਹੈ। ਜੇਤਾ ਜਗਤ ਸੰਸਾਰ ਹੈ, ਇਸ ਵਿਚਿ ਇਸ ਆਦਰਸ਼ਕ ਸੁਧਾਰ ਦੀ ਨਜ਼ੀਰ ਮਿਲਣੀ ਇਕ ਅਨਹੋਣੀ ਗੱਲ ਹੈ। ਸੰਸਾਰੀਆਂ ਦੇ, ਸੰਸਾਰੀ ਜੀਵਾਂ ਦੇ ਆਤਮ ਉਧਾਰ ਹੋਏ ਬਿਨਾਂ ਸੰਸਾਰ ਦਾ ਸਾਰ (ਤਤ) ਸੁਧਾਰ ਹੋਣਾ ਇਕ ਓਪਰੀ ਅਤੇ ਪੋਲੀ ਜਿਹੀ ਗੱਲ ਹੈ। ਸੰਸਾਰ ਵਿਖੇ ਅਨੇਕਾਂ ਅਤੇ ਅਣਗਿਣਤ ਸੋਸ਼ਲ ਰੀਫ਼ਾਰਮਰ ਹੋਏ ਅਤੇ ਸੋਸ਼ਲ ਸੁਧਾਰ ਦੀਆਂ ਬੇਅੰਤ ਸੁਸਾਇਟੀਆਂ ਕਾਇਮ ਹੋਈਆਂ, ਪਰ ਤਿਨ੍ਹਾਂ ਤੋਂ ਤਸੂ ਭਰ ਭੀ ਸੰਸਾਰ-ਸੁਧਾਰ ਨਾ ਹੋਇਆ। ਦਿਖਾਵੇ ਅਤੇ ਪਰਚਾਵੇ ਮਾਤਰ ਤਾ ਬਥੇਰੇ ਨਾਮਧ੍ਰੀਕ ਸੰਸਾਰ-ਸੁਧਾਰ ਹੋਏ, ਪਰ ਇਹ ਨਿਰੇ ਭਰਮ-ਭੁਲਾਵੇ ਹੀ ਰਹੇ। ਤਤ-ਪਰਮਾਰਥੀ ਕਣ ਤੋਂ ਸੁੰਞਾ ਸੁਧਾਰ ਨਿਰਾ ਵਿਵਹਾਰ ਸੁਧਾਰ, ਸੋਸ਼ਲ ਸੁਧਾਰ ਯਾ ਮਾਰਲ ਸੁਧਾਰ ਇਕ ਫੋਕਟ ਅਤੇ ਥੋਥਰ ਤੁਖ ਸੁਧਾਰ ਹੈ, ਜੋ ਸਿਰੇ ਨਹੀਂ ਚੜ੍ਹਦਾ, ਨਾ ਉਸ ਤੋਂ ਕੁਛ ਸੌਰਦਾ ਹੈ। ਆਤਮ-ਕਣੀ ਤੋਂ ਸੁੰਞੇ ਅਤੇ ਤਤ ਪਰਮਾਰਥਾਂ ਤੋਂ ਘੁਥੇ ਰੀਫ਼ਾਰਮਰ ਨਿਰਾ ਨੀਰ ਹੀ ਵਿਰੋਲਦੇ ਰਹਿ ਜਾਂਦੇ ਹਨ। ਤਿਨ੍ਹਾਂ ਦਾ ਸੋਸ਼ਲ ਸੁਧਾਰ ਵਾਲਾ ਚਾਉ ਹਉਮੈ ਤੋਂ ਉਪੰਨਾ ਹੀ ਹੁੰਦਾ ਹੈ ਅਤੇ ਹਉਮੈ ਵਿਚਿ ਹੀ ਜਾਇ ਸਮਾਉਂਦਾ ਹੈ। ਹਉਮੈ ਨੂੰ, ਆਪੇ ਨੂੰ ਪਰਬੋਧੇ ਬਿਨਾਂ,ਅਰਥਾਤ ਆਪਣਾ ਆਪ ਸੁਧਾਰੇ ਬਿਨਾਂ ਲੋਕਾਂ ਦੇ ਸੁਧਾਰ ਦੀ ਡੀਂਗ ਮਾਰਨਾ ਨਿਰਾ ਕੱਚਾ ਚਾਉ ਅਤੇ ਹੋਛੀ ਹਮਾਕਤ ਹੈ। ਹਉਮੈ ਰੂਪੀ ਰੋਗ ਵਿਚਿ ਗ੍ਰਸਿਆ ਹੋਇਆ ਸੰਸਾਰੀ ਜੀਵ ਸੰਸਾਰ ਦਾ ਕੀ ਖਾਕ ਉਧਾਰ ਕਰ ਸਕਦਾ ਹੈ ?

ਇਸ ਹਉਮੈ ਦੀਰਘ ਰੋਗ ਦਾ ਰੁਞਾਣਿਆ ਹੋਇਆ ਸਾਰਾ ਸੰਸਾਰ ਹੀ ਰੋਗੀ ਹੋ ਰਹਿਆ ਸੀ ਕਿ ਸੱਚੇ ਵੈਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸੰਸਾਰ ਰੋਗੀ' ਲਈ 'ਨਾਮ ਦਾਰੂ' ਲਿਆਂਦਾ ਅਤੇ ਧੁਰ ਦਰਗਾਹੋਂ 'ਬਾਰਗਾਹੇ ਏਜ਼ਦੀ' ਤੋਂ ਲਿਆਂਦਾ। ਹਾਂ ਜੀ ! ਨਾਮ ਦਾਰੂ, ਨਾਮ ਅੰਮ੍ਰਿਤ, ਨਾਮ ਰੂਪੀ ਆਬੇ ਹਯਾਤ ਲਿਆਂਦਾ, ਜਿਸ ਹਯਾਤਿ-ਅਬਦੀ ਬਖਸ਼ਣਹਾਰੇ ਅੰਮ੍ਰਿਤ ਨੂੰ ਸੁਰ ਨਰ ਮੁਨ ਜਨ ਲੋਚਦੇ ਰਹੇ। 'ਸੁ ਅੰਮ੍ਰਿਤ ਗੁਰ ਤੇ ਪਾਇਆ'*, ਹਾਂ ਜੀ ! ਗੁਰ ਨਾਨਕ ਸਤਿਗੁਰੂ ਤੋਂ ਪਾਇਆ। ਸੋ ਅੰਮ੍ਰਿਤ ਰੂਪੀ ਦਾਰੂ ਸੱਚਾ ਵੈਦ, ਗੁਰੂ ਨਾਨਕ ਸੱਚਾ ਪਾਤਸ਼ਾਹ ਹੀ ਸੰਸਾਰ ਰੋਗੀ ਵਾਸਤੇ ਲਿਆਇਆ। ਜਿਨ੍ਹਾਂ ਨੇ ਇਹ ਅੰਮ੍ਰਿਤ ਅਉਖਧੀ ਸੰਜੀਵਨੀ ਰੂਪ ਨਾਮ ਪਿਆਲਾ ਪੀਤਾ, ਤਿਨ੍ਹਾਂ ਦੇ, ਹਾਂ ਜੀ ! ਕੇਵਲ ਤਿਨ੍ਹਾਂ ਦੇ ਹਉਮੈ ਰੋਗ ਅਤੇ ਹਉਮੈ ਤੋਂ ਉਪੰਨੇ ਸਗਲੇ ਰੋਗ ਕੱਟੇ ਗਏ। ਤਿਨ੍ਹਾਂ ਦਾ ਆਪਾ ਪਰਬੋਧਿਆ ਗਿਆ। ਸੇਈ ਸੱਚੇ ਪਰਉਪਕਾਰੀ ਬਣੇ। ਨਾਮ ਦੁਆਰਾ ਆਪਾ ਪਰਬੋਧੇ ਬਿਨਾਂ, ਨਾਮ ਦੀ ਜੀਵਨ-ਕਣੀ ਦੁਆਰਾ ਜੀਵਨ ਸੁਧਾਰੇ ਬਿਨਾਂ ਪਰਉਪਕਾਰ ਹੋਣਾ ਅਤੀ ਅਸੰਭਵ ਹੈ। ਅਜਿਹੇ ਜੀਵਨ-ਪਰਬੋਧਕੀ-ਪਰਉਪਕਾਰੀ ਜਨਾਂ ਬਾਝੋਂ ਸੰਸਾਰ ਦਾ ਸੁਧਾਰ ਕੋਈ ਨਹੀਂ ਕਰ ਸਕਦਾ। ਆਤਮ-ਕਣੀ ਵਾਲੇ ਨਾਮ ਰੱਤੜੇ ਪਰਉਪਕਾਰ-ਉਮਾਹੀ ਜਨ ਹੀ ਜਗਤ-ਉਧਾਰ, ਸੰਸਾਰ ਦਾ ਸੱਚਾ ਸੁਧਾਰ ਕਰ ਸਕਦੇ ਹਨ। ਨਾਮ-ਸੂਨ ਜਨਾਂ ਦਾ ਜੇਤਾ ਬਿਉਹਾਰ-ਕਾਰ ਹੈ 'ਸਭ ਹਉਮੈ ਬਫਣ ਬਫਾਉ' ਵਾਲਾ ਮਿਰਤਕ ਮਿਥਿਆ ਸ਼ੀਂਗਾਰ ਹੈ। ਯਥਾ ਗੁਰਵਾਕ :— ਨਾਮ ਬਿਨਾ ਜੇਤਾ ਬਿਉਹਰੁ ॥

ਜਿਉ ਮਿਰਤਕ ਮਿਥਿਆ ਸੀਗਾਰੁ ॥੨॥ (੮॥੧੦) [ਗਉੜੀ ਮ: ੫, ਪੰਨਾ ੨੪੦

ਅਤੇ ਨਾਮ ਰੱਤੜੇ ਜਨਾਂ ਦੇ ਕਾਰਜ ਕਰਮ ਧਰਮ ਸਭ ਪਵਿੱਤਰ ਅਤੇ ਪਤਿ ਪਰਵਾਨ ਸੁਲੇਖੇ ਵਾਲੇ ਹੁੰਦੇ ਹਨ। ਗੁਰਵਾਕ :—ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤ੍ਰੁ ਹਹਿ

ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥੧੬॥ [ਸੋਰਠ ਕੀ ਵਾਰ, ਪੰਨਾ ੬੪੮

* ਰਾਮਕਲੀ ਮ: ੩ ਅਨੰਦੁ, ਅੰਕ ੧੩, ਪੰਨ੍ਹਾ ੯੧੮



www.AKJ.Org

ਭਰਮ ਭੂਲੇ ਲੋਗ ਨਾਮ-ਭਜਨੀਕ-ਪੁਰਖਾਂ ਦੇ ਪੁਰਖਤੱਵ ਨੂੰ ਸਮਝ ਨਹੀਂ ਸਕਦੇ। ਸੰਸਾਰ-ਸੁਧਾਰ ਅਤੇ ਦੇਸ਼-ਉਪਕਾਰ ਦੇ ਠੇਕੇਦਾਰ ਬਨਿ ਬਨਿ ਬੈਠਣ ਵਾਲੇ ਬਫਣ-ਬਫੀਣੇ ਲੋਗ ਓਦੋਂ ਤਾਈਂ ਹੀ ਦੇਸ਼ ਕੌਮ ਦਾ ਕੋਈ ਕੰਮ ਕਰਨਗੇ ਜਦੋਂ ਤਾਈਂ ਓਹਨਾਂ ਦੀ ਹਉਮੈ ਨੂੰ ਪੱਠੇ ਪੈਂਦੇ ਰਹਿਣਗੇ, ਜਦੋਂ ਤਾਈਂ ਓਹਨਾਂ ਦੀ ਮਾਨ-ਮਨੌਤੀ ਹੁੰਦੀ ਰਹੇਗੀ। ਜਦੋਂ ਭੀ ਏਸ ਮਾਨ-ਮਨੌਤੀ ਦੇ ਪੱਠੇ ਪੈਣੇ ਬੰਦ ਹੋ ਗਏ, ਬੱਸ ਓਦੋਂ ਹੀ ਓਹਨਾਂ ਦਾ ਸੰਸਾਰ-ਸੁਧਾਰ ਸੁਪਨ ਵਤ ਛਾਈਂ ਮਾਈਂ ਹੋ ਜਾਂਦਾ ਹੈ। ਗੁਰ-ਨਾਨਕ-ਸੰਸਾਰ-ਸੁਧਾਰ-ਆਦਰਸ਼ ਦੇ ਉਪਕਾਰੀ ਜਨ ਸੇਵਾ ਉਪਕਾਰ ਨੂੰ ਹੁਕਮ ਰਜ਼ਾ ਦੇ ਅਨੁਸਾਰੀ ਹੋ ਕੇ, ਸੇਵਾ ਪ੍ਰਾਇਣੀ ਉਪਕਾਰ ਆਸ਼ਕ ਬਣ ਕੇ ਅਤੇ ਨਿਰਮਾਣਤਾ ਵਿਚ ਲੀਨ ਹੋ ਕੇ ਕਰਨਗੇ, ਯਥਾ ਗੁਰਵਾਕ :—

ਸੇਵਕ ਕਉ ਸੇਵਾ ਬਨਿ ਆਈ॥ ਹੁਕਮੁ ਬੂਝਿ ਪਰਮ ਪਦੁ ਪਾਈ॥੪॥ (੨੨)

ਉਹਨਾਂ ਨੂੰ ਸੰਸਾਰ ਦੀ ਉਸਤਤਿ ਵਡਿਆਈ ਦੇ ਗਾਹਕ ਹੋਣ ਵਾਲਾ ਚਸਕਾ ਨਹੀਂ ਹੁੰਦਾ। ਬਲਕਿ ਓਹ— ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥
ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥੧॥(੨॥੪)

ਦੇਵਗੰਧਾਰੀ ਮਹਲਾ ੪, ਪੰਨਾ ੫੨੮

ਵਾਲੇ ਗੁਰ-ਫ਼ੁਰਮਾਨ ਉਤੇ ਅਮਲ ਕਰਦੇ ਹਨ। ਤਾਂਤੇ ਓਹਨਾਂ ਨੂੰ ਨਿਸ਼ਕਾਮ ਸੇਵਾ-ਉਪਕਾਰ ਦਾ ਉਮਾਹ ਨਿਸ ਬਾਸਰ ਹੀ ਬਣਿਆ ਰਹਿੰਦਾ ਹੈ। ਓਹਨਾਂ ਤੋਂ ਸੁਤੇ ਸੁਭਾਵ ਹੀ ਜੋ ਕੰਮ ਹੁੰਦੇ ਹਨ, ਸੇਵਾ-ਉਪਕਾਰ ਵਾਲੇ ਹੁੰਦੇ ਹਨ। ਅਤੇ ਇਸ ਸੇਵਾ-ਉਪਕਾਰ ਵਿਚ ਹੀ ਸੰਸਾਰ ਦਾ ਉਧਾਰ ਅਤੇ ਸਭਨਾਂ ਦਾ ਸੁਧਾਰ ਹੈ। ਨਾਮ ਦੀ ਕਮਾਈ ਬਿਨਾਂ ਸੰਸਾਰ-ਸੁਧਾਰ ਵਾਲੀਆਂ, ਬਿਵਹਾਰ-ਸੁਧਾਰ, ਅਚਾਰ-ਸੁਧਾਰ, ਸੇਵਾ-ਉਪਕਾਰ ਦੀਆਂ ਭਾਵੇਂ ਕਿਤਨੀਆਂ ਹੀ ਸਭਾ ਸੁਸਾਇਟੀਆਂ ਬਣਦੀਆਂ ਫਿਰਨ, ਸਭ ਹਉਮੈ ਦਾ ਪਸਾਰਾ ਹੀ ਹੈ। ਆਤਮ-ਅਨੰਦ ਦੀ ਰਸ-ਜੋਤਿ-ਕਣੀ ਤੋਂ ਸੱਖਣੇ ਘਟਾਂ ਵਾਲੇ ਮਾਹਣੂਆਂ ਤੋਂ ਪਰਸੁਆਰਥੀ ਕੰਮ ਹੋ ਹੀ ਨਹੀਂ ਸਕਦੇ, ਨਾ ਸਿਰੇ ਚੜ੍ਹ ਸਕਦੇ ਹਨ। ਨਿਜ ਸੁਆਰਥਾਂ ਦੇ ਧੰਧ ਬੰਧ ਵਿਚ ਹੀ ਨਿਸਦਿਨ ਲੱਥ-ਪੱਥ ਰਹਿੰਦੇ ਹਨ। ਪਰਸੁਆਰਥ ਅਤੇ ਦੇਸ਼ ਕੌਮ ਦੀ ਸੇਵਾ ਦੀ ਸਾਂਝ ਭੀ ਓਦੋਂ ਤਾਈਂ ਰਖਣਗੇ ਜਦ ਤਾਈਂ ਕਿ ਓਸ ਵਿਚਿ ਓਹਨਾਂ ਦਾ ਨਿਜ ਸੁਆਉ-ਸੁਆਰਥ ਬਨਿ ਆਵੰਦਾ ਹੈ, ਅਤੇ ਜਿਤ ਦਿਨ ਓਹਨਾਂ ਦਾ ਨਿਜ ਸੁਆਉ ਸੁਆਰਥ ਨਹੀਂ ਬਣ ਆਵੰਦਾ, ਤਿਤ ਦਿਨ ਕੋਈ ਨੇੜੇ ਨਹੀਂ ਢੁੱਕਦਾ, ਅਤੇ ਪਰਉਪਕਾਰ ਦੇ ਰਾਹ ਨਹੀਂ ਜਾਂਦਾ। ਯਥਾ ਗੁਰਵਾਕ :—

ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ॥
ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥ ੩॥

(੪॥੨) ਗੋਂਡ ਮ: ੪, ਪੰਨਾ ੮੬੦

ਗੁਰ ਨਾਨਕ-ਉਪਕਾਰ-ਸੰਸਾਰ-ਸੁਧਾਰ ਆਦਰਸ਼ੋਂ ਊਰੀ ਮਗਰਬੀ ਦੁਨੀਆ ਦੇ ਸਾਰੇ ਦੇਸ਼ ਆਪਸ ਵਿਚੀਂ ਖਹਿ ਖਹਿ ਮਰ ਰਹੇ ਹਨ। ਇਹਨਾਂ ਬਾਂਸ-ਬਡਾਈ-ਬੂਡਿਆਂ ਨੂੰ ਸੋਸ਼ਲ-ਸੁਧਾਰ ਦਾ ਅਜੇ ਮੁਸ਼ਕ ਨਹੀਂ ਆਇਆ। ਆਪੋ ਆਪਣੇ ਦੇਸ਼ ਦੇ ਸੁਧਾਰ-ਹੰਕਾਰ ਨਾਲ ਐਵੇਂ ਹੀ ਸੰਧੂਰੇ ਫਿਰਦੇ ਹਨ ਅਤੇ ਉਹਨਾਂ ਦੀ ਰੀਸੇ ਮਗਰਬੀ ਤਹਿਜ਼ੀਬ-ਸੁਧਾਰ ਦੇ ਕੁੱਠੇ ਹੋਏ ਭਾਰਤ-ਵਰਸ਼ੀ ਦੇਸ਼-ਸੇਵਾ ਦੇ ਸੁਆਂਗ ਰਚਿ ਰਚਿ ਖੁਆਰ ਹੋ ਰਹੇ ਹਨ। ਸਭ ਤੋਂ ਸ਼ੋਕ ਵਾਲੀ ਗੱਲ ਤਾਂ ਇਹ ਹੈ ਕਿ ਸਤਿਗੁਰ ਨਾਨਕ ਸਾਹਿਬ ਦੇ ਨਾਮਧਰੀਕ ਸਿਖ ਭੀ ਤਿਨ੍ਹਾਂ ਪਿਛੇ ਹੀ ਭਰਮ ਭਰਮ ਕੇ ਧੰਦ ਪਿੱਟ ਰਹੇ ਅਤੇ ਕੂੜ ਕਮਾ ਰਹੇ ਹਨ। ਕੇਵਲ ਸਤਿਗੁਰ ਨਾਨਕ ਦੇਵ ਦੇ ਪਰਉਪਕਾਰ-ਆਦਰਸ਼-ਪੂਰਨਿਆਂ ਉਤੇ ਚੱਲ ਕੇ ਹੀ ਸੱਚਾ ਸੁਧਾਰ ਹੋ ਸਕਦਾ ਹੈ। ਸਭਾ ਸੁਸਾਇਟੀ ਦਾ ਸੁਧਾਰ ਸਮਝ ਲਵੋ, ਚਾਹੇ ਬਿਵਹਾਰਕ ਅਤੇ ਆਚਾਰ ਦਾ ਸੁਧਾਰ ਸਮਝ ਲਵੋ।

ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਗੁਰੂ ਨਾਨਕ ਸਾਹਿਬ ਦੇ ਸ਼ਿਖ ਸਦਵਾ ਕੇ ਇਸ ਆਦਰਸ਼ਕ ਸੁਧਾਰ-ਉਪਕਾਰ ਤੋਂ ਕਿਉਂ ਵਾਂਞੇ ਹੋਏ ਹਾਂ? ਇਸ ਦਾ ਸਪੱਸ਼ਟ ਉੱਤਰ ਇਹ ਹੈ ਕਿ ਅਸੀਂ ਸਤਿਗੁਰ ਨਾਨਕ ਦੇਵ



www.AKJ.Org

ਦੇ ਹੁਕਮਾਂ ਦੀ ਤਾਲੀਮ, ਸਤਿਗੁਰ ਬਚਨਾਂ ਦੀ ਕਮਾਈ ਨਹੀਂ ਕਰਦੇ। ਸਤਿਗੁਰ ਨਾਨਕ ਸਾਹਿਬ ਦਾ ਹੁਕਮਾਂ ਸਿਰ ਹੁਕਮ–ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥ ਸਿਰੀਰਾਗੁ ਮ: ੧, ਪੰਨਾ ੭੦

ਇਸ ਹੁਕਮ ਨੂੰ ਅਸੀਂ ਸਤਿਗੁਰੂ ਦੇ ਸਿਖ ਸਦਾਵਣ ਵਾਲੇ ਸਮੂਹ ਸੱਜਨ ਕੰਨੋਂ ਮੁੰਢੀ ਮਾਰ ਛੱਡਦੇ ਹਾਂ। ਅਸਾਡੀ ਇਸ ਹੁਕਮ ਅੰਦਰ ਸ਼ਰਧਾ ਹੀ ਨਹੀਂ ਆਉਂਦੀ। ਜੋ ਜੋ ਸਿਖ ਬਹੁਤਾ ਵਿਦਵਾਨ ਸਦਾਉਂਦਾ ਹੈ ਅਤੇ ਮਗ਼ਰਬੀ ਸਹਸ-ਸਿਆਣਪੀ ਸਾਇੰਸ ਫ਼ਿਲਾਸਫ਼ੀ ਦਾ ਮੁਠਿਆ ਹੋਇਆ ਹੈ ਸੋ ਇਸ ਨਾਮ-ਪਦਾਰਥ ਤੋਂ ਬਹੁਤ ਅਸ਼ਰਧਕ ਹੈ, ਉਹ ਨਾਮ ਜਪਣ ਨੂੰ ਅਤੇ ਗੁਰਬਾਣੀ ਪੜ੍ਹਨ ਨੂੰ ਐਵੇਂ ਫ਼ਾਲਤੂ ਮੂੰਹ ਮਾਰਨਾ ਹੀ ਦਸਦਾ ਹੈ। ਹਾਲਾਂਕਿ ਸ੍ਰੀ ਗੁਰੂ ਸਾਹਿਬ ਦੀ ਸਮੱਗਰ ਬਾਣੀ ਪੁਕਾਰ ਪੁਕਾਰ ਕੇ ਤੁਕ ਤੁਕ ਅੰਦਰ ਇਹ ਉਪਦੇਸ਼ ਦੇ ਰਹੀ ਹੈ ਕਿ "ਨਾਮ ਜਪੋ, ਨਾਮ ਜਪੋ"। ਪ੍ਰੰਤੂ ਬਹੁਤ ਅਕਲੱਈਆਂ ਦੀ ਅਕਲ ਇਥੇ ਗੋਤਾ ਖਾ ਜਾਂਦੀ ਹੈ। ਸਾਰੀ ਬਾਣੀ ਨੂੰ ਪੜ੍ਹ ਸੁਣ ਕੇ ਐਵੇਂ ਉਪਰ ਦੀ ਉਲੰਘ ਜਾਂਦੇ ਹਨ। ਨਾਮ ਵਾਲੀ ਗੱਲ ਉਹਨਾਂ ਨੂੰ ਪੋਹੰਦੀ ਹੀ ਨਹੀਂ, ਹਾਲਾਂਕਿ ਗੁਰੂ ਨਾਨਕ ਸਾਹਿਬ ਨੇ ਫ਼ੁਰਮਾਇਆ ਹੈ ਕਿ :–

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥ (੯) ਪੰਨਾ ੪੬੭

ਉਹਨਾਂ ਨੂੰ ਇਸ ਹੁਕਮ ਉਤੇ ਯਕੀਨ ਨਹੀਂ, ਸ਼ਰਧਾ ਭਰੋਸਾ ਨਹੀਂ। ਜੋ ਇਸ ਹੁਕਮ ਤੋਂ ਮੁਨਹਰਫ਼ ਹਨ, ਕੀ ਉਹ ਸਿਖ ਸਦਾਉਣ ਦੇ ਅਧਿਕਾਰੀ ਹਨ ? ਗੁਰੂ ਪੰਥ ਵਿਖੇ ਜਿਤਨੇ ਭੀ ਉਪਕਾਰੀ ਜੋਧੇ ਸੂਰਮੇ ਗੁਰਮੁਖ ਜਨ ਹੋਏ ਹਨ, ਸੋ ਸਭ ਨਾਮ ਦੇ ਅਭਿਆਸੀ ਅਤੇ ਨਾਮ ਦੇ ਤੁਫ਼ੈਲ ਆਤਮ-ਕਲਾ ਸੰਪੰਨ ਕਲਾਧਾਰੀ ਭਜਨੀਕ ਪੁਰਸ਼ ਹੀ ਹੋਏ ਹਨ। ਤ੍ਰਿਸ਼ਨਾ, ਬਦੀ, ਬਖ਼ੀਲੀ, ਖ਼ੁਦੀ, ਤਕੱਬਰੀ ਦੀ ਅਗਨਿ ਵਿਚ ਜਲੰਦੇ ਸੰਸਾਰ ਨੂੰ ਗੁਰੂ ਨਾਨਕ ਦੇਵ ਜੀ ਨੇ ਨਾਮ ਦੀ ਅੰਮ੍ਰਿਤ-ਅਉਖਧੀ ਦੇ ਕੇ ਉਭਾਰਿਆ। ਜੋ ਜੋ ਸੰਸਾਰੀ ਜੰਤ ਇਸ ਨਾਮ ਦੀ ਤਾਰ ਵਿਚ ਪ੍ਰੋਤੇ ਗਏ ਸੋ ਸਭ ਸੰਸਾਰੀਓਂ ਨਿਰੰਕਾਰੀ ਬਣ ਗਏ। ਐਸੇ ਨਿਰੰਕਾਰੀ ਗੁਰਮੁਖ ਜਨਾਂ ਦਾ ਪੁੰਜ ਹੀ ਸੱਚਾ ਪਰਉਪਕਾਰੀ ਬਣ ਸਕਦਾ ਹੈ। ਨਾਮ-ਤਾਰ-ਪ੍ਰੋਤੇ ਨਿਰੰਕਾਰੀ ਜਨਾਂ ਅੰਦਰ ਹੀ ਪ੍ਰਸਪਰ ਸੱਚੇ ਇਤਫ਼ਾਕ ਦੀ ਚੰਦਨ-ਮਹਿਕ ਪਰਵੇਸ਼ ਕਰ ਸਕਦੀ ਹੈ। ਸੋ ਗੁਰ ਨਾਨਕ ਨਿਰੰਕਾਰੀ ਦੇ ਪਰਉਪਕਾਰੀ ਆਦਰਸ਼ੀ ਹੁਕਮਾਂ ਉੱਤੇ ਚੱਲਣ ਵਾਲੇ ਚਲੀਏ ਜਨਾਂ ਦਾ ਮੁਖ ਧਰਮ ਇਹ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੇ ਦ੍ਰਿੜ੍ਹਾਏ ਮੁਖ ਹੁਕਮ ਨਾਮ-ਅੰਮ੍ਰਿਤ ਨੂੰ ਗਹਿ ਕਰ ਕੇ ਕਮਾਉਣ।

ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥੮॥੩॥ ਪੰਨਾ ੨੬੬

ਨਾਮ-ਜਪ ਰੂਪੀ ਨਿਰਮਲ ਕਰਮ ਕਰਦਿਆਂ ਹੋਇਆਂ ਸੁਤੇ ਸਿਧ ਅਤੇ ਸਹਿਜ-ਸੁਭਾਵ ਹੀ ਬਿਵਹਾਰ ਅਤੇ ਪਰਮਾਰਥ ਦੇ ਸਾਰੇ ਕਾਰਜ ਰਾਸ ਆ ਜਾਵੰਦੇ ਹਨ। ਤਾਂਤੇ 'ਗੁਰ ਨਾਨਕ ਸੰਸਾਰ ਸੁਧਾਰ' ਦਾ ਆਦਰਸ਼ ਅਤੀ ਅਸਚਰਜ ਅਤੇ ਵਿਲੱਖਣ ਹੈ। ਨਾਮ ਸੰਗਿ ਬਿਉਹਾਰ ਅਭਿਆਸ ਭਜਨ ਰੂਪੀ ਬਿਉਹਾਰ ਕਰਨ ਨਾਲ ਸਾਰੇ ਕਾਰਜ, ਸੰਸਾਰਕ ਅਤੇ ਪਰਮਾਰਥਕ, ਸਹਿਜੇ ਹੀ ਸੌਰ ਜਾਂਦੇ ਹਨ। ਯਥਾ ਗੁਰਵਾਕ :–

ਨਾਮ ਸੰਗਿ ਕੀਨੋ ਬਿਉਹਾਰੁ ॥ ਨਾਮੋੁ ਹੀ ਇਸੁ ਮਨ ਕਾ ਅਧਾਰੁ ॥
ਨਾਮੋੁ ਹੀ ਚਿਤਿ ਕੀਨੀ ਓਟ ॥ ਨਾਮੁ ਜਪਤ ਮਿਟਹਿ ਪਾਪ ਕੋਟਿ ॥੧॥
ਰਾਸਿ ਦੀਈ ਹਰਿ ਏਕੋ ਨਾਮੁ ॥ ਮਨ ਕਾ ਇਸਟੁ ਗੁਰ ਸੰਗਿ ਧਿਆਨੁ ॥੧॥ਰਹਾਉ॥
ਨਾਮੁ ਹਮਾਰੇ ਜੀਅ ਕੀ ਰਾਸਿ ॥ ਨਾਮੋ ਸੰਗੀ ਜਤ ਕਤ ਜਾਤ ॥
ਨਾਮੋ ਹੀ ਮਨਿ ਲਾਗਾ ਮੀਠਾ ॥ ਜਲਿ ਥਲਿ ਸਭ ਮਹਿ ਨਾਮੋ ਡੀਠਾ ॥੨॥
ਨਾਮੇ ਦਰਗਹ ਮੁਖ ਉਜਲੇ ॥ ਨਾਮੇ ਸਗਲੇ ਕੁਲ ਉਧਰੇ ॥
ਨਾਮਿ ਹਮਾਰੇ ਕਾਰਜ ਸੀਧ ॥ ਨਾਮ ਸੰਗਿ ਇਹੁ ਮਨੂਆ ਗੀਧ ॥੩॥
ਨਾਮੇ ਹੀ ਹਮ ਨਿਰਭਉ ਭਏ ॥ ਨਾਮੇ ਆਵਨ ਜਾਵਨ ਰਹੇ ॥
ਗੁਰਿ ਪੂਰੈ ਮੇਲੇ ਗੁਣਤਾਸ ॥ ਕਹੁ ਨਾਨਕ ਸੁਖਿ ਸਹਜਿ ਨਿਵਾਸੁ ॥੪॥੨॥੪॥ (੮੬੩)

['ਗੁਰਮਤਿ' ਪ੍ਰਕਾਸ਼ ਪੁਸਤਕ ਵਿਚੋਂ

www.AKJ.Org

# ਟਕਸਾਲ ਵਾਲੇ ਮੋਦੀਆ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਦਰਸ਼ਨ ਸਿੱਕ ਮੇਰੀ, ਨਦਰ ਮਿਹਰ ਤੇਰੀ, ਨਦਰ ਕਰਤ ਕਦੇ ਲਾਈਆਂ ਨ ਡੇਰੀਆਂ।
ਡੇਰੀਆਂ ਨਾ ਲਾਈਂ, ਮੈਂਡੀ ਆਸੜੀ ਪੁਜਾਈਂ ਸਾਈਂ, ਦਰਸ਼ਨ ਆਸਾਂ ਮੋਹਿ ਲਗੀਆਂ ਘਨੇਰੀਆਂ।
ਆਸ ਦਰਸ ਘਨੇਰੀ, ਪਾਵਹੁ ਦਰਸ਼ਨ ਫੇਰੀ, ਰਚਹੁ ਜੋਤਿ ਜਗਨੇਰੀ, ਚੋਜੀ ਚਲਤ ਰੂਪੇਰੀਆਂ।
ਚੋਜੀ ਚਲਤ ਰਚਾਵਹੁ, ਰੂਪ ਚੋਜਸੀ ਵਟਾਵਹੁ, ਦਿਬ ਕਾਇਆਂ ਪਲਟਾਵਹੁ, ਮੇਰੇ ਜੋਤਿ ਜੁਗਤੇਰੀਆਂ।੨।
ਜੋਤਿ ਤੇ ਜੁਗਤਿ ਓਹਾ, ਚੋਜ ਤੇ ਚਲਤ ਓਹਾ, ਨੂਰ ਤੇ ਜ਼ਹੂਰ ਸਾਇ, ਬਿਸਮ ਬਿਨੋਦੀਆ।
ਬਿਸਮ ਜ਼ਹੂਰ ਤੇਰਾ, ਬਿਸਮਨ ਨੂਰ ਤੇਰਾ, ਬਿਸਮ ਸਰੂਰ ਮੇਰੇ ਕ੍ਰਿਸ਼ਮ ਸਰੋਦੀਆ।
ਕ੍ਰਿਸ਼ਮ ਸਰੋਦ ਤੇਰਾ, ਕ੍ਰਿਸ਼ਮ ਬਿਨੋਦ ਤੇਰਾ, ਬਿਸਮ ਕ੍ਰਿਸ਼ਮ ਤੇਰਾ ਜੋਤਿ-ਬਿਸਮੋਦੀਆ।
ਫਰਸ਼ ਕੁਰਸ਼ ਅਰਸ਼ਾਂ ਤੇ ਗੁਰ ਹੱਟ ਤੇਰੀ, ਸ਼ਬਦ ਸੁਰਤਿ ਟਕਸਾਲ ਵਾਲੇ ਮੋਦੀਆ।੩।
ਮੋਦੀਆਂ ਦਾ ਮੋਦੀ ਸੱਚਾ, ਸ਼ਬਦ-ਸਰੋਦੀ ਸਚਾ, ਅਨਦ ਬਿਨੋਦੀ ਸੱਚਾ ਸ਼ਾਹ ਸੁਲਤਾਨ ਤੂੰ।
ਸ਼ਾਹ ਸੁਲਤਾਨ ਸਾਰੇ ਖੰਡ ਦੀਪ ਮੰਡਲਾਂ ਦਾ, ਲੋਆਂ ਬ੍ਰਹਿਮੰਡਾਂ ਪੁਰੀਆਂ ਦਾ ਪ੍ਰਾਣ ਤ੍ਰਾਣ ਤੂੰ।
ਪ੍ਰਾਣ ਅਤੇ ਤ੍ਰਾਣ ਸੁਰ ਨਰ ਮੁਨਿ ਸਾਰਿਆਂ ਦਾ, ਸੂਰ ਚੰਦ ਤਾਰਿਆਂ ਦਾ ਜੋਤਿ ਦਾਨ ਭਾਨ ਤੂੰ।
ਜੋਤਿ ਦਾਨ ਭਾਨ ਸਭ ਗਗਨ ਨਖੱਤਰਾਂ ਦਾ, ਮੋਦੀ ਹੁਇ ਆਇਆ ਵਿਚ ਪੁਰ-ਸੁਲਤਾਨ ਤੂੰ।੪।
ਮੋਦੀ ਹੋਇ ਆਇਆ, ਵੱਡਾ ਸਾਂਗ ਵਰਤਾਇਆ, ਸਿੱਕਾ ਸ਼ਬਦ ਚਲਾਇਆ, ਰਚੀ ਸਚ ਟਕਸਾਲ ਤੈਂ।
ਵੇਈਂ ਪਰਵੇਸ਼ ਕਰਿ, ਗਗਨਿ ਗਮਨ ਕੀਆ, ਜਾਇ ਸਚਖੰਡ ਲੀਆ, ਹੁਕਮ ਅਕਾਲ ਤੈਂ।
ਹੁਕਮ ਰਜ਼ਾਇ ਪਾਇ, ਭਵਨੀ ਰਮਨ ਕੀਆ, ਅਲਖ ਲਖਾਇ ਦੀਆ, ਮੰਤਰ ਰਸਾਲ ਤੈਂ।
ਪਾਰਸ ਰਸਾਲ ਗੁਰ-ਮੰਤਰ ਕਮਾਲ ਕਲਾ, ਜਗ ਵਰਤਾਇ ਕੀਤਾ ਨਦਰਿ ਨਿਹਾਲ ਤੈਂ।੫।
ਨਦਰ ਨਿਹਾਰ ਨਿਸਤਾਰਿਆ ਜਗਤ ਸਾਰਾ, ਭਗਤਿ ਵਿਥਾਰ ਨਿਰੰਕਾਰ ਕਰਤਾਰ ਦੀ।
ਨਾਮ ਪਰਸਿੱਧ ਤੇਰਾ ਨਾਨਕ ਨਿਰੰਕਾਰੀ, ਮੂਰਤਿ ਪ੍ਰਤਖ ਤੂੰ ਅਲੱਖ ਨਿਰੰਕਾਰ ਦੀ।
ਮੂਰਤਿ ਅਕਾਲ ਨੂਰ ਤੇਜਸੀ ਜਲਾਲ ਕ੍ਰਾਂਤ, ਸਾਂਤਕੀ ਕਮਾਲ ਕਣੀ ਜਲਵ ਜੋਤਾਰ ਦੀ।
ਜਲਵ ਜੋਤਾਰ ਝਲਕਾਰ ਦੀ ਅਮਿੱਤ ਗੱਤਿ, ਮਹਿਮਾ ਅਪਾਰ ਤੇਰੇ ਦਿੱਬ ਦਰਸਾਰ ਦੀ।੬।
ਦਿਬ-ਦਰਸਾਰੀ, ਦਿਬ-ਦ੍ਰਿਸ਼ਟ-ਨਗਾਰੀ ਜਨ, ਲੱਖਨ ਪਿੱਖਨ ਤੇਰੀ ਤੱਤ ਜੋਤਿ ਮੂਰਤੀ।
ਮੂਰਤੀ ਅਨੂਪ ਰੂਪ, ਬਿਸਮ ਸਰੂਪ ਇਕ, ਜੋਤਿ ਆਭਾ ਅਨਿਕ ਉਦੋਤ ਤੇਰੀ ਮੂਰਤੀ।
ਅਨਿਕ ਉਦੋਤ ਆਭਾ ਅਛਿਤ ਅਛੋਤ, ਦਸ, ਦ੍ਰਿਸ਼ਯ ਇਕ ਜੋਤਿ ਓਤ ਪੋਤ ਤੇਰੀ ਮੂਰਤੀ।
ਅਨੰਗ ਤੇ ਅਭੰਗ ਤੂੰ, ਅਭੇਦ ਹਰ ਸੰਗ ਇਕ, ਮਿਕ ਗੁਰ ਨਾਨਕ ਅਦੋਤ ਤੇਰੀ ਮੂਰਤੀ।੭।

ਕੱਤਕ ਪੂਰਨਮਾਸ਼ੀ. ੨ ਨਵੰਬਰ ੧੯੩੩] ['ਦਰਸ਼ਨ ਝਲਕਾ' ਪੁਸਤਕ ਵਿਚੋਂ

(੨) ਜਗਨੇਰੀ=ਜਗਮਗ ਕਰਦੀ। ਰੂਪੇਰੀਆਂ=ਰੂਪ ਵਾਲੇ। ਚੋਜੀ=ਚੋਜਾਂ ਵਾਲੇ। ਜੋਤਿ ਜੁਗਤੇਰੀਆ=ਜੋਤਿ ਜੁਗਤਿ ਵਾਲੇ। (੩) ਸਾਇ=ਸਾਈ, ਓਹੀ। ਬਿਸਮ ਬਿਨੋਦੀਆ=ਅਸਚਰਜ ਕੌਤਕਾਂ ਵਾਲੇ। ਜ਼ਹੂਰ=ਪ੍ਰਕਾਸ਼। ਕ੍ਰਿਸ਼ਮ=ਅਚਰਜ ਕੌਤਕ। ਸਰੋਦੀਆ=ਮਿਠੀ ਧੁਨੀ ਵਾਲੇ ਰਾਗੀਆ। ਸਰੋਦ=ਰਾਗ। ਅਰਸ਼ ਕੁਰਸ਼=ਅਕਾਸ਼। (੪) ਗਗਨ ਗਮਨ ਕੀਆ=ਅਕਾਸ਼ ਭਾਵ ਸਚਖੰਡ ਵਲ ਧਾਈ ਕੀਤੀ। ਭਵਨੀ ਰਵਨ ਕੀਆ=ਧਰਤੀ ਦਾ ਰਟਨ ਕੀਤਾ। (੬) ਸਾਂਤਕੀ ਕਮਾਲ ਕਣੀ ਜਲਵ ਜੋਤਾਰ ਦੀ=ਤੇਰੀ ਜੋਤੀ ਦੇ ਪ੍ਰਕਾਸ਼ ਦੀ ਕਿਰਨ ਕਮਾਲ ਦੀ ਸ਼ਾਂਤੀ ਬਖ਼ਸ਼ਣ ਵਾਲੀ ਹੈ। (੭) ਦਿਬ ਦ੍ਰਿਸ਼ਟ ਨਗਾਰੀ ਜਨ=ਦਿਬ ਦ੍ਰਿਸ਼ਟੀ ਦੀ ਨਿਗਾਹ ਰਖਣ ਵਾਲੇ ਤੇਰੇ ਜਨ। ਲੱਖਨ=ਲਖਦੇ ਸਮਝਦੇ ਹਨ। ਪਿਖਨ=ਵੇਖਦੇ ਹਨ। ਉਦੋਤ ਆਭਾ=ਪ੍ਰਕਾਸ਼ਮਾਨ ਸੋਭਾ। ਅਛਿਤ=ਅਟੁਟ। ਅਛੋਤ=ਨਿਰਲੇਪ। ਅਨੰਗ=ਸੁੰਦਰ। ਇਕ ਮਿਕ=ਇਕ ਰੂਪ। ਅਦੋਤ=ਅਦੁੱਤੀ।


www.AKJ.Org

# ਮਾਨਵਤਾ ਦਾ ਸੁਲਤਾਨ

ਸ: ਦਾਨ ਸਿੰਘ ਕੋਮਲ

ਨਿੱਕਾ ਮੂੰਹ ਮੇਰਾ, ਵੱਡੀ ਗੱਲ ਤੇਰੀ, ਕਿਵੇਂ ਮਹਿਮਾ ਮੈਂ ਤੇਰੀ ਮਹਾਨ ਆਖਾਂ।
ਜੀਭ ਇਕ ਮੇਰੀ, ਗੁਣ ਅਨੇਕ ਤੇਰੇ, ਕਿਹੜੀ ਕਿਹੜੀ ਤੇਰੀ ਦਾਸਤਾਂਨ ਆਖਾਂ।
ਰੱਬ ਰੂਪ ਤੂੰ ਰਹਿਬਰ ਸੈਂ ਕਲਯੁਗ ਦਾ, ਤੈਨੂੰ ਰਾਮ ਆਖਾਂ ਕਿ ਰਹਿਮਾਨ ਆਖਾਂ।
ਪਰਮ ਪੁਰਖ ਮੈਂ ਤੈਨੂੰ ਭਗਵਾਨ ਆਖਾਂ, ਜਾਂ ਮੈਂ ਤੈਨੂੰ ਮਹਾਨ ਇਨਸਾਨ ਆਖਾਂ।
ਸਾਂਝਾ, ਸੰਤ, ਸੱਚਾ, ਸੱਜਣ, ਸੁਹਲ, ਸੀਤਲ, ਸੁੰਦਰ, ਸੁਘੜ, ਸੁਣੱਖਾ, ਸੁਜਾਨ ਆਖਾਂ।
ਮਾਤਲੋਕ ਵਿਚ ਮਾਨਵ ਦੇ ਰੂਪ ਅੰਦਰ, ਤੈਨੂੰ ਮਾਨਵਤਾ ਦਾ ਮੈਂ ਸੁਲਤਾਨ ਆਖਾਂ।
ਸਤਿਨਾਮ ਦਾ ਚੱਕਰ ਚਲਾ ਕੇ ਤੇ, ਲਾਏ ਚੌਹਾਂ ਹੀ ਚੱਕਾਂ ਵਿਚ ਚੱਕਰ ਸੀ ਤੂੰ।
ਬਾਈ ਸਾਲ ਉਦਾਸੀਆਂ ਧਾਰ ਕੇ ਤੇ, ਕੌੜੇ ਦਿਲਾਂ ਅੰਦਰ ਭਰੀ ਸ਼ੱਕਰ ਸੀ ਤੂੰ।
ਕੀਤੇ ਸਿੱਧ ਸਿੱਧੇ, ਸਾਧੇ ਸਾਧ ਸਾਰੇ, ਸੋਧੇ ਵਲੀ, ਮੁੱਲਾਂ, ਪੀਰ, ਫੱਕਰ ਸੀ ਤੂੰ।
ਨਾਲ ਸਬਰ ਦੇ ਜਬਰ ਨੂੰ ਠੱਲ੍ਹ ਪਾਈ, ਲਾਈ ਨਾਲ ਸੁਲਤਾਨਾਂ ਦੇ ਟੱਕਰ ਸੀ ਤੂੰ।
ਮਾਰੇ ਬਾਬਰ ਨੂੰ ਬਾਣੀ ਦੇ ਬਾਣ ਬਾਬਾ, ਤੈਨੂੰ ਸਮੇਂ ਦਾ ਆਗੂ ਬਲਵਾਨ ਆਖਾਂ।
ਦੈਂਤ ਦਾਨਵ ਤੂੰ ਮਾਨਵ ਬਣਾ ਦਿੱਤੇ, ਤੈਨੂੰ ਮਾਨਵਤਾ ਦਾ ਮੈਂ ਸੁਲਤਾਨ ਆਖਾਂ।
ਕਿਰਤ ਕਰ ਖਾਹ ਵੰਡ ਕੇ, ਨਾਮ ਜਪ ਲੈ, ਐਸੇ ਬਾਬਾ ਤੂੰ ਰੱਬੀ-ਸੰਦੇਸ਼ ਦਿੱਤੇ।
ਹੱਕ ਦੂਸਰੇ ਦਾ ਗਊ ਸੂਰ ਹੁੰਦੇ, ਤੂੰ ਸੀ ਸੱਚੇ ਤੇ ਸਾਂਝੇ ਉਪਦੇਸ਼ ਦਿੱਤੇ।
ਪਾਪਾਂ ਬਾਝ ਨਾ ਜੁੜੇ, ਨਾ ਨਾਲ ਜਾਵੇ, ਦੇ ਕੇ ਜੀਵਨ ਤੂੰ ਕੱਟ ਕਲੇਸ਼ ਦਿੱਤੇ।
ਤੇਰੀ ਬਾਣੀ ਨੇ ਹਿੰਦੂ ਬਣਾਏ ਦਿਉਤੇ, ਮੁਸਲਮਾਨ ਬਣਾ ਦਰਵੇਸ਼ ਦਿੱਤੇ।
ਤੇਰਾ ਧਰਮ ਸੁਲਤਾਨ ਹੈ ਧਰਮਾਂ ਦਾ, ਸਿੱਧਾਂ ਤੇਰਿਆਂ ਨੂੰ ਭਾਗਵਾਨ ਆਖਾਂ।
ਤੂੰ ਤਾਂ ਤਾਰਿਆ ਡੁੱਬਦੇ ਪੱਥਰਾਂ ਨੂੰ, ਤੈਨੂੰ ਮਾਨਵਤਾ ਦਾ ਮੈਂ ਸੁਲਤਾਨ ਆਖਾਂ।
ਰਾਜੇ ਰਾਣੇ ਤੇ ਸ਼ਾਹ, ਸੁਲਤਾਨ ਸਾਰੇ, ਕਰਦੇ ਪਰਜਾ ਤੇ ਰਾਜ ਤਲਵਾਰ ਦੇ ਨਾਲ।
ਪਰ ਤੂੰ ਲੋਕਾਂ ਦੇ ਦਿਲਾਂ ਤੇ ਰਾਜ ਕੀਤਾ, ਦਿਲ ਜੋੜ ਕੇ ਸਾਰੇ ਸੰਸਾਰ ਦੇ ਨਾਲ।
ਜੁੜੀ ਹੋਈ ਸੀ ਪਿਆਰ ਦੀ ਤਾਰ ਤੇਰੀ, ਓਧਰ ਆਪਣੇ ਯਾਰ ਕਰਤਾਰ ਦੇ ਨਾਲ।
ਏਧਰ ਦੁਨੀਆ ਦੇ ਦੁੱਖ ਤੂੰ ਦੂਰ ਕੀਤੇ, ਸ਼ਾਂਤੀ, ਏਕਤਾ, ਅਮਨ ਤੇ ਪਿਆਰ ਦੇ ਨਾਲ।
ਸਾਰੇ ਜੱਗ ਨੂੰ ਪਾਈ ਗਲਵੱਕੜੀ ਤੂੰ, ਮੈਂ ਮਨੁੱਖਤਾ ਦੀ ਤੈਨੂੰ ਜਾਨ ਆਖਾਂ।
ਸੱਚੇ ਪਾਤਸ਼ਾਹ! ਮਾਨਵ ਬਣਾ ਮੈਨੂੰ, ਤੈਨੂੰ ਮਾਨਵਤਾ ਦਾ ਮੈਂ ਸੁਲਤਾਨ ਆਖਾਂ।

# ਨਾਨਕ ਸੱਚ ਦਾ ਬਣ ਸਫ਼ੀਰ ਆਇਆ

[ਮਾਸਟਰ ਮਾਘ ਸਿੰਘ ਜੀ]

ਮਾਰੂ ਕਾਂਗ ਤੂਫਾਨ ਦੇ ਜ਼ੋਰ ਅਗੇ, ਬੇੜਾ ਤਾਰਨਾ ਕੰਮ ਆਸਾਨ ਕੋਈ ਨਾ।
ਤਾਰੇ ਟੁਟਿਆਂ ਮੋੜ ਅਕਾਸ਼ ਜੋੜੇ, ਰੱਬੀ ਜੋਤਿ ਤੋਂ ਬਿਨਾਂ ਇਨਸਾਨ ਕੋਈ ਨਾ।
ਮੁਰਦਾ ਕੌਮ ਦੇ ਵਿਚ ਕੋਈ ਜਾਨ ਪਾਉ ਦਾ, ਹੈਸੀ ਮਰਦ ਹੀ ਹਿੰਦੁਸਤਾਨ ਕੋਈ ਨਾ।
ਟੁਟੀ ਸਭਿਅਤਾ, ਗਿਰੇ ਆਚਾਰ ਅੰਦਰ, ਆਨ ਰਖਦਾ, ਸੀ ਈਮਾਨ ਕੋਈ ਨਾ।
ਲੁਕਿਆ ਦੇਸ਼ ਦਿਮਾਗ ਸੁਮੇਰ ਉਤੇ, ਫੋਕਟ ਜਨਤਾ ਦੇ ਵਿਚ ਗਿਆਨ ਕੋਈ ਨਾ।
ਰਾਜਪੂਤ ਤੇ ਛਤਰੀ ਬਹੁਤ ਹੈਸਨ, ਹੱਥਾਂ ਵਿਚ ਪਰ ਤੀਰ ਕਮਾਨ ਕੋਈ ਨਾ।
ਐਸੀ ਅਤਿ ਦੀ ਨਾਜ਼ਕੀ ਦਸ਼ਾ ਅੰਦਰ, ਨਾਨਕ ਸੱਚ ਦਾ ਬਣ ਸਫ਼ੀਰ ਆਇਆ।
ਨਾਮ, ਏਕਤਾ ਦੇ ਹਥਿਆਰ ਲੈ ਕੇ, ਘੜਨ ਕੌਮ ਦੀ ਨਵੀਂ ਤਕਦੀਰ ਆਇਆ।

www.AKJ.Org

# ਪੰਜਾ ਸਾਹਿਬ ਦਾ ਸ਼ਹੀਦੀ ਸਾਕਾ

[ਗਿ: ਪ੍ਰਤਾਪ ਸਿੰਘ ਜੀ, ਸਾਬਕਾ ਜਥੇਦਾਰ, ਅਕਾਲ ਤਖ਼ਤ ਸਾਹਿਬ]

ਗੁਰੂ ਕੇ ਬਾਗ ਦੇ ਮੋਰਚੇ ਵਿਚ ਫੌਜੀ ਪਿਨਸ਼ਨੀਆਂ ਦਾ ਇਕ ਜਥਾ ਵੀ ਗ੍ਰਿਫਤਾਰ ਹੋਇਆ ਸੀ। ਇਸ ਦੇ ਮੁਖੀ ਸੂਬੇਦਾਰ ਅਮਰ ਸਿੰਘ ਜੀ ਧਾਲੀਵਾਲ ਰਿਆਸਤ ਕਪੂਰਥਲਾ ਸਨ। ਮੀਤ ਜਥੇਦਾਰ ਮਾਸਟਰ ਚਤਰ ਸਿੰਘ ਹਵਾਲਦਾਰ ਪਲਟਨ ਨੰਬਰ ੧੯ ਸਨ। ਇਸ ਜਥੇ ਨੂੰ ਅਸਲਮ ਹਯਾਤ ਖਾਂ ਮੈਜਿਸਟ੍ਰੇਟ ਨੇ ਢਾਈ ਢਾਈ ਸਾਲ ਕੈਦ ਸਖ਼ਤ ਤੇ ਇਕ ਇਕ ਸੌ ਰੁਪਏ ਜੁਰਮਾਨੇ ਦੀ ਸਜ਼ਾ ਦਿਤੀ।

ਇਸ ਜਥੇ ਨੂੰ ੨੯ ਅਕਤੂਬਰ ਰਾਤ ਦੀ ਗੱਡੀ ਅੰਮ੍ਰਿਤਸਰ ਤੋਂ ਅੱਟਕ ਜੇਲ੍ਹ ਨੂੰ ਭੇਜਿਆ ਗਿਆ। ਰਸਤੇ ਵਿਚ ਗੁਜਰਾਂਵਾਲੇ ਦੀ ਸੰਗਤ ਨੇ ਭਰਾਵਾਂ ਦੀ ਸੇਵਾ ਕੀਤੀ। ੩੦ ਅਕਤੂਬਰ ਨੂੰ ਦੁਪਹਿਰ ਪਿਛੋਂ ਇਹ ਗੱਡੀ ਰਾਵਲਪਿੰਡੀ ਤੋਂ ਅੱਟਕ ਨੂੰ ਰਵਾਨਾ ਹੋਈ। ਰਸਤੇ ਵਿਚ ਗੁਰਦੁਵਾਰਾ ਪੰਜਾ ਸਾਹਿਬ ਸੀ। ਜਦ ਉਥੋਂ ਦੀ ਸੰਗਤ ਨੂੰ ਗੱਡੀ ਦਾ ਪਤਾ ਲਗਾ ਤਾਂ ਉਨ੍ਹਾਂ ਨੇ ਫੌਜੀ ਸਿੰਘਾਂ ਨੂੰ ਜਲ ਪਾਣੀ ਛਕਾਣ ਦਾ ਉਦਮ ਸ਼ੁਰੂ ਕਰ ਦਿਤਾ। ਪਰ ਸਟੇਸ਼ਨ-ਮਾਸਟਰ ਨੇ ਮੁਖੀਆਂ ਨੂੰ ਦਸਿਆ ਕਿ ਗੱਡੀ ਪੰਜਾ ਸਾਹਿਬ ਖੜੀ ਨਹੀਂ ਹੋਵੇਗੀ। ਇਹ ਗੱਲ ਸੁਣ ਕੇ ਸੰਗਤ ਨੂੰ ਬੜੀ ਨਿਰਾਸਤਾ ਹੋਈ। ਪਰ ਕਾਫ਼ੀ ਸੰਗਤ ਪ੍ਰਸ਼ਾਦ, ਫਲ, ਦੁੱਧ ਆਦਿਕ ਲੈ ਕੇ ਸਟੇਸ਼ਨ ਤੇ ਪੁਜ ਗਈ। ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਨੇ ਸੰਗਤ ਨੂੰ ਕਿਹਾ, "ਗੱਡੀ ਜ਼ਰੂਰ ਖੜੀ ਹੋਵੇਗੀ। ਅਸੀਂ ਆਪਣੇ ਵੀਰਾਂ ਨੂੰ ਪ੍ਰਸ਼ਾਦ ਤੇ ਦੁੱਧ ਛਕਾਵਾਂਗੇ।"

ਰਾਵਲਪਿੰਡੀ ਤੋਂ ਗੱਡੀ ਚਲ ਕੇ ਪੰਜਾ ਸਾਹਿਬ ਪੁਜ ਗਈ। ਸਟੇਸ਼ਨ-ਮਾਸਟਰ ਨੇ ਲਾਈਨ ਕਲੀਅਰ ਦਿਤਾ ਹੋਇਆ ਸੀ। ਗੱਡੀ ਖੜੀ ਹੋਣ ਦੀ ਕੋਈ ਆਸ ਨਹੀਂ ਸੀ। ਇਹ ਵੇਖ ਕੇ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਗੱਡੀ ਖੜੀ ਕਰਨ ਲਈ ਰੇਲਵੇ-ਲਾਈਨ ਵਿਚ ਲੇਟ ਗਏ। ਗੱਡੀ ਨੇ ਬਥੇਰੇ ਵਿਸਲ ਦਿਤੇ, ਪਰ ਉਹ ਸੂਰਮੇ ਪਟੜੀ ਤੋਂ ਨਾ ਉਠੇ। ਅਖ਼ੀਰ ਇੰਜਣ ਉਨ੍ਹਾਂ ਦੀਆਂ ਹੱਡੀਆਂ ਨੂੰ ਚੂਰ ਚੂਰ ਕਰਦਾ ਹੋਇਆ ਲੰਘ ਗਿਆ। ਦੋਹਾਂ ਦੇ ਸਰੀਰ ਪਿੰਜੇ ਗਏ।

ਗੱਡੀ ਖੜੀ ਹੋ ਗਈ। ਦੋਵੇਂ ਸ਼ਹੀਦ ਅਜੇ ਸਿਸਕਦੇ ਸਨ। ਜਦ ਉਨ੍ਹਾਂ ਨੂੰ ਇੰਜਣ ਦੇ ਪਹੀਆਂ ਚੋਂ ਕਢਿਆ ਗਿਆ ਤਾਂ ਦਮ ਤੋੜਦੇ ਹੋਏ ਉਨ੍ਹਾਂ ਕਿਹਾ, "ਗੱਡੀ ਵਿਚ ਬੈਠੇ ਵੀਰਾਂ ਦੀ ਸੇਵਾ ਕਰ ਲਉ, ਫਿਰ ਸਾਡੀ ਸੰਭਾਲ ਕਰ ਲੈਣੀ।" ਇਹ ਆਖ ਕੇ ਉਹ ਦੋਵੇਂ ਗੁਰਪੁਰੀ ਜਾ ਬਿਰਾਜੇ।

ਸਾਰੀ ਸੰਗਤ ਤੇ ਫ਼ੌਜੀ ਜਥੇ ਨੇ ਸ਼ਹੀਦ ਭਰਾਵਾਂ ਦੇ ਸਦੀਵੀ ਵਿਛੋੜੇ ਦਾ ਬੜਾ ਵੈਰਾਗ ਕੀਤਾ। ਉਸ ਦਰਦਨਾਕ ਨਜ਼ਾਰੇ ਨੂੰ ਵੇਖ ਕੇ ਕਿਸੇ ਕੀ ਛਕਣਾ ਸੀ? ਗੱਡੀ ਅੱਟਕ ਨੂੰ ਤੁਰ ਗਈ।

ਭਾਈ ਕਰਮ ਤੇ ਭਾਈ ਪ੍ਰਤਾਪ ਸਿੰਘ, ਭਰਾਵਾਂ ਦੀ ਸੇਵਾ ਬਦਲੇ ਆਪਾ ਵਾਰ ਕੇ ਗੁਰੂ ਕੇ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਦੀ ਬੇਮਿਸਾਲ ਕੁਰਬਾਨੀ ਅਕਾਲੀ ਲਹਿਰ ਦੇ ਇਤਿਹਾਸ ਵਿਚ ਇਸ ਤਰ੍ਹਾਂ ਚਮਕਦੀ ਰਹੇਗੀ ਜਿਵੇਂ ਹਨੇਰੀ ਰਾਤ ਵਿਚ ਤਾਰੇ ਚਮਕਦੇ ਹਨ।

# ਛਡੋ ਵਿਦੇਸ਼-ਪ੍ਰਸਤੀਆਂ

ਐ ਨੌਜੁਆਂ ਦੂਲਿਓ! ਛਡੋ ਬਈ ਹੁਣ ਖਰਮਸਤੀਆਂ।
ਐਸ਼ੋ-ਇਸ਼ਰਤ ਤੇ ਨਸ਼ਿਆਂ ਦੇ ਭਾਅ,ਵੇਚੋ ਨ ਜਿੰਦੜੀਆਂ ਸਸਤੀਆਂ।
ਕੁਝ ਅਦਲ ਬਦਲ ਕਰ ਦਿਓ, ਇਹ ਗੱਲਾਂ ਤੁਹਾਡੇ ਵਸ ਦੀਆਂ।
ਗੁਰੂ ਗ੍ਰੰਥ ਦੇ ਰਾਹ ਤੇ ਚਲ, ਇਨਕਲਾਬ ਲਿਆ ਦਿਓ,
ਖ਼ੁਦਾ-ਪ੍ਰਸਤ ਬਣਿ ਯੋਧਿਓ, ਛਡੋ ਵਿਦੇਸ਼-ਪ੍ਰਸਤੀਆਂ।

—ਸਾਡਾ ਵਿਰਸਾ ਸਾਡਾ ਗੌਰਵ



www.AKJ.Org

# ਮਨ, ਹਰਿ ਰਸੁ ਸਭ ਤੇ ਮੀਠਾ ਜੀਉ

[ਵਲੋਂ—ਪ੍ਰਿੰਸੀਪਲ ਗੁਰਮੁਖ ਸਿੰਘ ਜੀ]

ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ ॥੧॥੧੪॥

(ਗੂਜਰੀ ਕੀ ਵਾਰ, ਸਲੋਕੁ ਮ: ੩, ਪੰਨਾ ੫੧੪)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਵਿਚ ਨਾਮ ਰਸ ਦੇ ਪ੍ਰਸੰਗ ਵਿੱਚ ਕਿਆ ਖ਼ੂਬ ਫੁਰਮਾਇਆ ਹੈ—

ਅੰਮ੍ਰਿਤ ਨਾਮੁ ਸਦਾ ਨਿਰਮਲੀਆ ॥ ਸੁਖਦਾਈ ਦੂਖ ਬਿਡਾਰਨ ਹਰੀਆ ॥
ਅਵਰਿ ਸਾਦ ਚਖਿ ਸਗਲੇ ਦੇਖੇ, ਮਨ, **ਹਰਿ ਰਸੁ ਸਭ ਤੇ ਮੀਠਾ ਜੀਉ** ॥੧॥
ਜੋ ਜੋ ਪੀਵੈ, ਸੋ ਤ੍ਰਿਪਤਾਵੈ ॥ ਅਮਰੁ ਹੋਵੈ ਜੋ ਨਾਮ ਰਸੁ ਪਾਵੈ ॥
ਨਾਮ ਨਿਧਾਨ ਤਿਸਹਿ ਪਰਾਪਤਿ, ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ ॥੨॥
ਜਿਨਿ ਹਰਿ ਰਸੁ ਪਾਇਆ ਸੋ ਤ੍ਰਿਪਤਿ ਅਘਾਨਾ॥ਜਿਨਿ ਹਰਿ ਸਾਦੁ ਪਾਇਆ ਸੋ ਨਾਹਿ ਡੁਲਾਨਾ॥
ਤਿਸਹਿ ਪਰਾਪਤਿ ਹਰਿ ਹਰਿ ਨਾਮਾ, ਜਿਸੁ ਮਸਤਕਿ ਭਾਗੀਠਾ ਜੀਉ ॥੩॥
ਹਰਿ ਇਕਸੁ ਹਥਿ ਆਇਆ ਵਰਸਾਣੇ ਬਹੁਤੇਰੇ ॥ ਤਿਸੁ ਲਗਿ ਮੁਕਤੁ ਭਏ ਘਣੇਰੇ ॥
ਨਾਮੁ ਨਿਧਾਨਾ ਗੁਰਮੁਖਿ ਪਾਈਐ, ਕਹੁ ਨਾਨਕ ਵਿਰਲੀ ਡੀਠਾ ਜੀਉ ॥੪॥੧੫॥੨੨॥

(ਮਾਝ ਮ: ੫, ਪੰਨਾ ੧੦੦-੧੦੧)

'ਵੇਦਾਂ ਮਹਿ ਨਾਮੁ ਉਤਮੁ'* ਦੀ ਗੱਲ ਜੋ ਸੁਣੀ ਹੈ, ਅਤੇ ਸੂਫੀਆਂ ਅਤੇ ਭਗਤੀ ਲਹਿਰ ਨੇ ਭੀ ਨਾਮ ਤੇ ਜੋ ਜ਼ੋਰ ਦਿਤਾ ਹੈ, ਉਸ ਦੇ ਸਿੱਟੇ ਵਜੋਂ ਮਾਲਾ ਫੇਰਨ ਦਾ ਰਿਵਾਜ ਜਿਹਾ ਪੈ ਗਿਆ। ਅਤੇ ਕਈ ਤਰ੍ਹਾਂ ਦੇ ਨਾਮ ਜਪਣਾ, ਤੇ ਕਈ ਕਈ ਮਾਲਾ ਫੇਰਨੀਆਂ ਕਰਮ-ਕਾਂਡ ਦਾ ਇਕ ਅੰਗ ਹੀ ਬਣਦਾ ਗਿਆ। ਕਰਮ-ਕਾਂਡ ਦਾ ਸਭ ਤੋਂ ਵੱਡਾ ਨੁਕਸ ਇਹੋ ਹੈ ਕਿ ਮਨੁਖ ਮਸ਼ੀਨ ਵਾਂਗ ਕੰਮ ਕਰੀ ਜਾਂਦਾ ਹੈ, ਪਰ ਉਸ ਕਿਰਿਆ-ਕਰਮ ਦਾ ਕਰਨ ਵਾਲੇ ਤੇ ਕੋਈ ਅਸਰ ਨਹੀਂ ਹੁੰਦਾ। ਮਸ਼ੀਨ ਬੇਜਾਨ ਹੈ। ਉਹ ਪਰਾਧੀਨ ਸ਼ਕਤੀ ਰਾਹੀਂ ਚਲੀ ਜਾਂਦੀ ਹੈ। ਟੇਪ ਰਿਕਾਰਡਰ ਜਾਂ ਗ੍ਰਾਮੋਫ਼ੋਨ ਭਾਵੇਂ ਰੋਜ਼ਾਨਾ ਕਈ ਕਈ ਬਾਣੀਆਂ ਦੇ ਨਿਤਨੇਮ ਜਾਂ ਕੀਰਤਨ ਸੁਣਾਉਣ, ਅਸੀਂ ਜਾਣਦੇ ਹਾਂ, ਟੇਪ-ਰਿਕਾਰਡਰ ਨੇ ਸਦਾ ਹੀ ਇਕ ਬੇਜਾਨ ਮਸ਼ੀਨ ਰਹਿਣਾ ਹੈ। ਉਸਦੀ ਆਤਮਕ ਤਰੱਕੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਸਨੂੰ ਬਾਣੀ ਦਾ ਜਾਂ ਕੀਰਤਨ ਦਾ ਰਸ ਕਦੀ ਨਹੀਂ ਆ ਸਕਦਾ। ਇਹੋ ਹਾਲ ਕਈ ਵਾਰੀ ਮਨੁਖ ਦਾ ਹੋ ਜਾਂਦਾ ਹੈ। ਬਾਣੀ ਪੜ੍ਹਦਾ ਹੈ, ਸਮਝਦਾ ਭੀ ਹੈ, ਨਾਮ ਭੀ ਜਪਦਾ ਹੈ, ਪਰ ਰਸ ਨਹੀਂ ਆਉਂਦਾ।

ਗੁਰੂ ਸਾਹਿਬਾਨ ਦੇ ਸਮੇਂ ਤੋਂ ਪਹਿਲਾਂ ਭੀ ਨਾਮ ਦਾ ਜਾਪ ਕਈ ਢੰਗਾਂ ਨਾਲ ਹੁੰਦਾ ਸੀ, ਪਰ ਨਾਮ ਦਾ ਰਸ ਕਿਸੇ ਵਿਰਲੇ ਵਡਭਾਗੇ ਨੂੰ ਪ੍ਰਾਪਤ ਹੁੰਦਾ ਸੀ। ਇਸ ਲਈ, ਨਾਮ ਜਪਣਾ ਕੁਝ ਹੋਰ ਚੀਜ਼ ਹੈ ਤੇ ਨਾਮ ਜਪਦਿਆਂ-ਜਪਦਿਆਂ ਰਸ ਪ੍ਰਾਪਤ ਕਰਨਾ ਬਿਲਕੁਲ ਹੋਰ ਹੈ।

ਉਪਰੋਕਤ ਸ਼ਬਦ ਵਿੱਚ ਗੁਰੂ-ਦੇਵ ਜੀ ਨਾਮ-ਰਸ ਵਲ ਸੰਕੇਤ ਕਰ ਰਹੇ ਹਨ ਕਿ ਪ੍ਰਭੂ ਦਾ ਨਾਮ ਅੰਮ੍ਰਿਤ-ਮਈ ਹੈ, ਜੋ ਜੋ ਇਸ ਨੂੰ ਪ੍ਰੇਮ ਨਾਲ ਪੀਂਦਾ ਹੈ ਉਸ ਨੂੰ ਵਡੇ ਭਾਗਾਂ ਕਰਕੇ ਗੁਰੂ ਕਿਰਪਾ ਦੁਆਰਾ ਨਾਮ-ਰਸ ਦੀ ਪ੍ਰਾਪਤੀ ਹੁੰਦੀ ਹੈ। ਨਾਮ-ਰਸ ਸੰਸਾਰ ਦੇ ਸਾਰੇ ਸੁਆਦਾਂ ਨਾਲੋਂ ਉਚਾ ਤੇ ਮਿੱਠਾ ਹੈ। ਬਾਬਾ ਫ਼ਰੀਦ ਜੀ ਨੇ ਜਦੋਂ ਨਾਮ-ਜਾਪ ਪਿਛੋਂ ਨਾਮ ਦਾ ਰਸ ਮ ਣਿਆ ਤਾਂ ਉਹ ਪੁਕਾਰ ਉਠੇ—

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓੁ ਮਾਂਝਾ ਦੁਧੁ ॥

* ਰਾਮਕਲੀ ਮ: ੩ ਅਨੰਦੁ ॥੧੯॥ ਪੰਨਾ ੯੧੯



www.AKJ.Org

ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥੨੭॥

(ਸਲੋਕ ਫਰੀਦ ਜੀ, ਪੰਨਾ ੧੩੭੪)

ਇਸ ਰਸ ਨੂੰ ਰਸ-ਭਰੀ ਰਸਨਾ ਬਿਆਨ ਹੀ ਨਹੀਂ ਕਰ ਸਕਦੀ। ਇਸੇ ਲਈ ਤਾਂ ਕਈ ਥਾਈਂ ਗੁੰਗੇ ਦੀ ਮਿਠਿਆਈ ਨਾਲ ਇਸਨੂੰ ਉਪਮਾ ਦਿਤੀ ਗਈ ਹੈ। ਅਤੇ "ਮਨ ਹਰਿ ਰਸੁ ਸਭ ਤੇ ਮੀਠਾ ਜੀਉ" ਦਾ ਨਿਰਣਾ ਕੀਤਾ ਗਿਆ ਹੈ।

ਜਿਸ ਨੂੰ ਇਹ ਪ੍ਰੇਮ-ਰਸ ਇਕ ਵਾਰੀ ਆ ਜਾਂਦਾ ਹੈ, ਇਹ ਓਹੀ ਜਾਣਦਾ ਹੈ ਕਿਵੇਂ ਮਾਣਨਾ ਹੈ ਤੇ ਕਿਵੇਂ ਪ੍ਰਗਟ ਕਰਨਾ ਹੈ। ਪਰ ਇਕ ਗੱਲ ਬੜੀ ਸਪਸ਼ਟ ਰੂਪ ਵਿੱਚ ਸਾਹਮਣੇ ਆਉਂਦੀ ਹੈ ਕਿ ਨਾਮ-ਰਸ ਦੇ ਜਗਿਆਸੂ ਨੂੰ ਇਸ ਰਸ ਤੋਂ ਬਿਨਾਂ ਕੋਈ ਹੋਰ ਰਸ ਨਹੀਂ ਭਾਉਂਦਾ—

ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ ॥
ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ ॥੧੧॥

(ਜੈਤਸਰੀ ਕੀ ਵਾਰ ਮ: ੫, ਪੰਨਾ ੭੦੮)

ਪੁਨਾ :—ਜਾ ਕਉ ਰਸੁ ਹਰਿ ਰਸੁ ਹੈ ਆਇਓ ॥
ਸੋ ਅਨ ਰਸੁ ਨਾਹੀ ਲਪਟਾਇਓ ॥੨॥੧੦੨॥ (ਗਉੜੀ ਮ: ੫, ਪੰਨਾ ੧੮੬)

ਸੰਸਾਰ ਦੇ ਹੋਰ ਰਸ ਕਸ ਸਭ ਫਿਕੇ ਫਿਕੇ ਤੇ ਫੋਕੇ ਫੋਕੇ ਲਗਣ ਲਗ ਪੈਣਾ ਇਸ ਗੱਲ ਦਾ ਸੂਚਕ ਹੈ ਕਿ ਇਨ੍ਹਾਂ ਰਸਾਂ-ਕਸਾਂ ਤੋਂ ਇਕ ਉਚਾ ਸੁਚਾ ਤੇ ਵਿਸਮਾਦੀ ਰਸ ਭੀ ਹੈ।

ਨਿਝਰ ਧਾਰ ਚੁਐ ਅਤਿ ਨਿਰਮਲ ਇਹ ਰਸ ਮਨੂਆ ਰਾਤੋ ਰੇ ॥੪॥੧॥

(ਰਾਮਕਲੀ ਕਬੀਰ ਜੀ, ਪੰਨਾ ੯੬੯)

ਸਾਹਿਤ ਪ੍ਰੇਮੀਆਂ ਨੇ ਆਪਣੇ ਜਾਣੇ ਬੜੀ ਵੱਡੀ ਛਾਲ ਮਾਰ ਕੇ ਨੌਂ ਰਸ ਲਭੇ ਹਨ। ਜੋ ਹੇਠ ਦਿਤੇ ਜਾਂਦੇ ਹਨ—

੧. ਸ਼ਿੰਗਾਰ ਰਸ, ੨. ਬੀਰ ਰਸ, ੩. ਕਰੁਣਾ ਰਸ, ੪. ਅਦਭੁਤ ਰਸ (ਅਚਾਨਕ ਘਟਨਾ ਜਾਂ ਹੈਰਾਨੀ), ੫. ਹਾਸ ਰਸ, ੬. ਭਿਆਨਕ ਰਸ (ਭੈ-ਭੀਤ ਹੋਣਾ), ੭. ਬੀਭਤਸ ਰਸ (ਘਿਰਣਾ ਵਿਚ), ੮. ਰੌਦਰ ਰਸ (ਗੁੱਸੇ ਵਿਚ), ਅਤੇ ੯. ਸ਼ਾਂਤ ਰਸ।

ਪਰ ਉਪਰੋਕਤ ਰਸਾਂ ਦੀ, ਬਾਰੀਕੀ ਨਾਲ ਛਾਣ ਬੀਣ ਕੀਤਿਆਂ ਇਸ ਸਿੱਟੇ ਤੇ ਪੁਜੀਦਾ ਹੈ ਕਿ ਲਗ ਪਗ ਇਨ੍ਹਾਂ ਸਾਰਿਆਂ ਦਾ ਸੰਬੰਧ ਮਨ ਅਤੇ ਇੰਦਰੀਆਂ ਨਾਲ ਹੈ। ਇਹ ਤ੍ਰੈਗੁਣੀ ਮਾਇਆ ਅਤੇ ਕਾਮਾਦਿਕ ਪੰਜਾਂ ਵਿਕਾਰਾਂ ਦੀ ਵਲਗਣ ਵਿੱਚ ਆ ਜਾਂਦੇ ਹਨ। ਨਾਮ-ਰਸ ਦਾ ਸੰਬੰਧ ਉਚੇ ਉਠੇ ਜੋਤਿ-ਸਰੂਪ ਵਾਹਿਗੁਰੂ ਦੀ ਛੋਹ ਪ੍ਰਾਪਤ ਕਰਨ ਵਾਲੇ ਮਨ ਨਾਲ ਹੈ।

ਦੁਨਿਆਵੀ ਰਸਾਂ ਬਾਰੇ ਗੁਰਬਾਣੀ ਵਿੱਚ ਕਈ ਥਾਈਂ ਸੰਕੇਤ ਮਿਲਦੇ ਹਨ ਕਿ ਇਹ ਰਸ ਫਿਕੇ ਹਨ ਤੇ ਜਗਿਆਸੂ ਨੂੰ ਇਨ੍ਹਾਂ ਤੋਂ ਸਾਵਧਾਨ ਰਹਿਣ ਲਈ ਚਿਤਾਵਨੀ ਦਿਤੀ ਗਈ ਹੈ—

ਰਸੁ ਸੋਇਨਾ, ਰਸੁ ਰੁਪਾ ਕਾਮਣਿ, ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ, ਰਸੁ ਸੇਜਾ ਮੰਦਰ, ਰਸੁ ਮੀਠਾ ਰਸੁ ਮਾਸ ॥
ਏਤੇ ਰਸ ਸਰੀਰ ਕੇ, ਕੈ ਘਟਿ ਨਾਮ ਨਿਵਾਸੁ ॥੨॥੪॥

(ਸਿਰੀਰਾਗੁ ਮ: ੧, ਪੰਨਾ ੧੫)

ਸਤਿਗੁਰ ਜੀ ਦੇ ਸਾਹਮਣੇ ਮਨੁਖ ਲਈ ਨਿਸ਼ਾਨਾ ਮੋਕਸ਼ ਜਾਂ ਮੁਕਤੀ ਨਹੀਂ ਸੀ, ਨਾ ਹੀ ਸੰਸਾਰ ਤੋਂ ਭਜ ਕੇ ਕਿਤੇ ਲੁਕਵੀਂ ਥਾਂ ਮਨੁਖ ਨੂੰ ਸ਼ਰਨ ਦੇਣ ਦਾ ਕੋਈ ਮਨੋਰਥ ਸੀ।



www.AKJ.Org

ਮਨੁਖ ਤਾਂ ਸਮਾਜਿਕ ਪ੍ਰਾਣੀ ਹੈ। ਉਸ ਨੇ ਸਦਾ ਭਾਈਚਾਰੇ ਵਿੱਚ ਹੀ ਵਿਚਰਨਾ ਹੈ। ਸਾਰੇ ਮਨੁਖ ਗਿਆਨ-ਚਾਨਣੇ ਨਾਲ ਰੁਸ਼ਨਾਏ ਨਹੀਂ ਹੁੰਦੇ। ਗਿਣਤੀ ਉਹਨਾਂ ਦੀ ਬਹੁਤੀ ਹੈ ਜੋ ਅਗਿਆਨਤਾ ਦੇ ਪਰਦੇ ਹੇਠ ਸਦਾ ਅੰਧੇਰੇ ਵਿੱਚ ਜੀਵਨ ਬਤੀਤ ਕਰਦੇ ਹਨ। ਉਹਨਾਂ ਹੀ ਲੋਕਾਂ ਲਈ ਸੋਨਾ, ਇਸਤ੍ਰੀ, ਸ਼ਿੰਗਾਰ ਦੇ ਸਾਧਨ, ਘੋੜੇ, ਮਹਲ ਮਾੜੀਆਂ ਤੇ ਛਤੀ ਪ੍ਰਕਾਰ ਦੇ ਭੋਜਨ ਆਦਿ ਅਜਿਹੇ ਰਸ ਹਨ ਜਿਨ੍ਹਾਂ ਵਿਚ ਉਹ ਸਾਰੀ ਉਮਰ ਲਿਪਟੇ ਰਹਿਣ ਵਿਚ ਹੀ ਤ੍ਰਿਪਤੀ ਸਮਝਦੇ ਹਨ। ਰੋਟੀ, ਕਪੜਾ ਅਤੇ ਮਕਾਨ ਦੀ ਤਿਗੜੀ ਦੇ ਚਕਰ ਵਿਚ ਉਹਨਾਂ ਦਾ ਜੀਵਨ ਮੁਕ ਜਾਂਦਾ ਹੈ।

ਗੁਰੂ ਬਾਬਾ ਜੀ ਨੇ ਮਨੁਖ ਲਈ ਜੋ ਸਰਬੋਤਮ ਟੀਚਾ ਮਿਥਿਆ ਹੈ, ਉਹ ਹੈ ਨਾਮ ਵਿੱਚ ਨਿਵਾਸ ਕਰਨਾ। "ਹਰਿ ਜਪਿ ਹਰਿ ਸੇਤੀ ਰਲਿਆ" ਦਾ ਨਿਸ਼ਾਨਾ ਗੁਰਮਤਿ ਨੇ ਹੀ ਮਿਥਿਆ ਹੈ। ਇਸ ਲਈ ਨਾਮ ਵਿੱਚ ਨਿਵਾਸ ਕਰਨ ਲਈ ਇਨ੍ਹਾਂ ਰਸਾਂ ਕਸਾਂ ਦੀ ਪਕੜ ਤੋਂ ਥੋੜਾ ਜਿਹਾ ਉਚੇ ਉਠਣਾ ਪੈਂਦਾ ਹੈ। ਨਾਮ ਦਾ ਰਸ ਇਨ੍ਹਾਂ ਰਸਾਂ ਨਾਲੋਂ ਅਤਿ ਸੂਖਮ ਹੈ। ਉਸ ਵਿੱਚ ਇਕ ਅਜੀਬ ਮਿਠਾਸ ਹੈ, ਤੇ ਇਕ ਵਿਸਮਾਦੀ ਮਸਤੀ ਹੈ। ਪਹਿਲਾਂ ਰਸ ਆਉਂਦਾ ਹੈ। ਰਸ ਵਿੱਚ ਗੜੂੰਦ ਹੋਣ ਉਪਰੰਤ ਨਾਮ ਦਾ ਰੰਗ ਚੜ੍ਹਨਾ ਸ਼ੁਰੂ ਹੁੰਦਾ ਹੈ। ਨਾਮ-ਰਸ ਤੇ ਨਾਮ ਦੇ ਰੰਗ ਵਿੱਚ ਕੇਵਲ (degree) ਮਾਤਰਾ ਦਾ ਅੰਤਰ ਹੈ। ਨਾਮ-ਰਸ ਦੇ ਮਾਨਣ ਲਈ ਇਹ ਰਸ-ਕਸ ਸਭ ਤਿਆਗਣੇ ਹੀ ਉਚਿਤ ਹਨ।

ਹਰਿ ਰਸੁ ਊਪਰਿ ਅਵਰੁ ਕਿਆ ਕਹੀਐ ਜਿਨਿ ਪੀਆ ਸੋ ਤ੍ਰਿਪਤਾਗਾ ॥੩॥੧੦॥

(ਸੋਰਠਿ ਮ. ੧, ਪੰਨਾ ੫੯੮)

ਸਾਧਾਰਨ ਮਨੁਖ ਦੀ ਦਿਕੱਤ ਇਹ ਹੈ ਕਿ ਉਸ ਦੀਆਂ ਗਿਆਨ ਤੇ ਕਰਮ ਇੰਦਰੀਆਂ ਨੂੰ ਅਗੰਮ-ਅਗੋਚਰ ਪ੍ਰਭੂ ਦੇ ਦਰਸ਼ਨ ਨਹੀਂ ਹੁੰਦੇ। ਉਹ ਉਸ ਦੀ ਸਾਜੀ ਹੋਈ ਕੁਦਰਤ ਨੂੰ ਹੀ ਦੇਖ-ਚਾਖ ਸਕਦੀਆਂ ਹਨ। ਸਥੂਲ ਕੁਦਰਤ ਨਾਲ ਵਰਤਦਿਆਂ ਵਰਤਦਿਆਂ ਸਾਡੀਆਂ ਇੰਦਰੀਆਂ ਨੂੰ ਸਥੂਲੀ ਵਸਤਾਂ ਦੇ ਭੋਗਣ ਦਾ ਸੁਭਾਅ ਪੈ ਜਾਂਦਾ ਹੈ। ਨਾਮ-ਰਸ ਅਤਿ ਸੂਖਮ ਵਸਤੂ ਹੈ। ਪ੍ਰਭੂ ਤੇ ਉਸਦਾ ਨਾਮ ਅਤਿ ਹੀ ਸੂਖਮ ਹਨ। ਇਸ ਲਈ ਇਸ ਰਸ ਨੂੰ ਮਾਨਣ ਲਈ ਮਨੁਖ ਨੂੰ ਅਤਿ ਸੂਖਮ ਸਾਧਨ ਦੀ ਵਰਤੋਂ ਕਰਨੀ ਚਾਹੀਦੀ ਹੈ। ਜਿਨ੍ਹਾਂ ਨੂੰ ਧੁਰ ਦਰਗਾਹੀ ਬਖ਼ਸ਼ਸ਼ ਦੁਆਰਾ, ਕਮਾਈ ਕਰ ਕੇ ਨਾਮ-ਰਸ ਦੀ ਪ੍ਰਾਪਤੀ ਹੋਈ ਹੈ, ਉਹਨਾਂ ਦੇ ਦਰਸ਼ਨ-ਦੀਦਾਰਿਆਂ ਨਾਲ ਉਸ ਰਸ ਦੀ ਮਹਿਕ ਬੇਮਲੂਮੇ ਹੀ ਮਨ ਦੀਆਂ ਡੂੰਘਾਈਆਂ ਵਿੱਚ ਉਤਰ ਜਾਂਦੀ ਹੈ। ਇਹ ਇਕ ਸੂਖਮ ਸਾਧਨ ਹੈ। ਉਹਨਾਂ ਦੀ ਨਿਤ ਸੰਗਤ ਕਰਨ ਤੇ ਇਸ ਮਹਿਕ ਦਾ ਸਦਾ ਅਨੰਦ ਮਾਣਨ ਨਾਲ ਹਰਿ ਰਸ ਆਪ-ਮੁਹਾਰੇ ਅੰਦਰੋਂ ਸਫੁਟ ਹੋਣ ਲਗ ਪੈਂਦਾ ਹੈ। ਇਸ ਲਈ ਗੁਰਮੁਖਾਂ ਮਹਾਂ-ਪੁਰਸ਼ਾਂ ਦੀ ਸੰਗਤ ਕਰਨ ਲਈ ਗੁਰਬਾਣੀ ਵਿਚ ਬਹੁਤ ਜ਼ੋਰ ਦਿਤਾ ਗਿਆ ਹੈ—

ਸੰਤ ਸਹਾਈ ਪ੍ਰੇਮ ਕੇ, ਹਉ ਤਿਨ ਕੈ ਲਾਗਾ ਪਾਇ ॥੮॥ (ਬਾਰਾਮਾਹ ਮਾਝ ਮ: ੫, ਪੰਨਾ ੧੩੫)

ਇਹਨਾਂ ਸੰਤਾਂ ਗੁਰਮੁਖ-ਗੁਰਸਿਖਾਂ ਨੂੰ ਕਈ ਨਾਵਾਂ ਨਾਲ ਸ਼ਿੰਗਾਰਿਆ ਗਿਆ ਹੈ—ਗੁਰਮੁਖੀਆਂ, ਸੁਹਾਗਣੀਆਂ ਵੀ ਆਖਿਆ ਗਿਆ ਹੈ। ਗੁਰੂ-ਪਾਰਸ ਨੂੰ ਪਰਸ ਕੇ ਇਹ ਪਾਰਸ ਹੋ ਜਾਂਦੇ ਹਨ, ਪਰ ਗੁਰੂ ਪਦ ਦੀ ਜੋ ਡਿਊਟੀ ਅਕਾਲ ਪੁਰਖ ਨੇ ਸਤਿਗੁਰੂ ਜੀ ਨੂੰ ਬਖਸ਼ੀ ਹੈ, ਉਸ ਦੇ ਸ਼ਰੀਕ ਨਹੀਂ ਬਣਦੇ। ਮਾਣ ਹੁੰਦੇ ਹੋਏ ਭੀ ਸਦਾ ਨਿਮਾਣੇ ਬਣੇ ਰਹਿੰਦੇ ਹਨ। ਉਹ ਸਦਾ ਹੁਕਮ ਰਜ਼ਾ ਵਿੱਚ, ਗੁਰੂ-ਕਰਤਾਰ ਦੇ ਭੈ ਭਾਉ ਵਿੱਚ ਹੀ ਨਾਮ ਦਾ ਰਸ ਮਾਣਦੇ ਹਨ।

ਇਹਨਾਂ ਤੋਂ ਹੀ ਨਾਮ-ਰਸ ਦੀ ਸੋਝੀ ਪੈਂਦੀ ਹੈ। ਇਹਨਾਂ ਕੋਲੋਂ ਨਾਮ-ਰਸ ਦੀ ਪੁਛ ਕਰਨ ਲਈ ਮਿੰਨਤ ਅਤੇ ਜੋਦੜੀ ਕਰਨ ਦੀ ਤਾਕੀਦ ਕੀਤੀ ਗਈ ਹੈ—

ਹਉ ਪੰਥੁ ਦਸਾਈ ਨਿਤ ਖੜੀ, ਕੋਈ ਪ੍ਰਭੁ ਦਸੇ ਤਿਨਿ ਜਾਉ ॥



www.AKJ.Org

ਜਿਨੀ ਮੇਰਾ ਪਿਆਰਾ ਰਾਵਿਆ, ਤਿਨ ਪੀਛੈ ਲਾਗਿ ਫਿਰਾਉ ॥
ਕਰਿ ਮਿੰਨਤਿ ਕਰਿ ਜੋਦੜੀ, ਮੈ ਪ੍ਰਭੁ ਮਿਲਣੈ ਕਾ ਚਾਉ ॥
(ਸਿਰੀਰਾਗੁ ਮ: ੪, ਪੰਨਾ ੪੧)

ਸਿਰੀ ਰਾਗ ਬਾਣੀ ਵਿੱਚ ਹੀ ਇਕ ਹੋਰ ਥਾਈਂ ਗੁਰਮੁਖ-ਸਖੀਆਂ ਦੀ ਵਿਸਥਾਰ ਸਹਿਤ ਗੱਲ ਕੀਤੀ ਗਈ ਹੈ–

ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ, ਕਿਤੁ ਬਿਧਿ ਮਿਲੈ ਰਸੁ ਖਾਇ ॥
ਜਾਇ ਪੁਛਹੁ ਸੋਹਾਗਣੀ ਤੁਸਾ ਕਿਉਕਰਿ ਮਿਲਿਆ ਪ੍ਰਭੁ ਆਇ ॥
ਓਇ ਵੇਪਰਵਾਹ ਨ ਬੋਲਨੀ, ਹਉ ਮਲਿ ਮਲਿ ਧੋਵਾ ਤਿਨ ਪਾਇ ॥੧॥
ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ ॥
ਸਜਣੁ ਸਤਿਗੁਰੁ ਪੁਰਖੁ ਹੈ, ਦੁਖੁ ਕਢੈ ਹਉਮੈ ਮਾਰਿ ॥੧॥ਰਹਾਉ॥

ਉਹਨਾਂ ਨੇ ਦਇਆਲ ਹੋ ਕੇ ਦਸਿਆ ਕਿ–

ਗੁਰਮੁਖੀਆ ਸੋਹਾਗਣੀ, ਤਿਨ ਦਇਆ ਪਈ ਮਨਿ ਆਇ ॥
ਸਤਿਗੁਰ ਵਚਨੁ ਰਤੰਨੁ ਹੈ, ਜੋ ਮੰਨੇ ਸੁ ਹਰਿ ਰਸੁ ਖਾਇ ॥
ਸੇ ਵਡਭਾਗੀ ਵਡ ਜਾਣੀਅਹਿ, ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥
ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ, ਭਾਗਹੀਣ ਨਹੀ ਖਾਇ ॥
ਬਿਨੁ ਸਤਿਗੁਰ ਪਲੈ ਨਾ ਪਵੈ, ਮਨਮੁਖ ਰਹੇ ਬਿਲਲਾਇ ॥
ਓਇ ਸਤਿਗੁਰ ਅਗੈ ਨਾ ਨਿਵਹਿ, ਓਨਾ ਅੰਤਰਿ ਕ੍ਰੋਧੁ ਬਲਾਇ ॥੩॥
ਹਰਿ ਹਰਿ ਹਰਿ ਰਸੁ ਆਪਿ ਹੈ, ਆਪੇ ਹਰਿ ਰਸੁ ਹੋਇ ॥
ਆਪਿ ਦਇਆ ਕਰਿ ਦੇਵਸੀ, ਗੁਰਮੁਖਿ ਅੰਮ੍ਰਿਤੁ ਚੋਇ ॥
ਸਭੁ ਤਨੁ ਮਨੁ ਹਰਿਆ ਹੋਇਆ, ਨਾਨਕ ਹਰਿ ਵਸਿਆ ਮਨਿ ਸੋਇ ॥੪॥੬॥
(ਸਿਰੀ ਰਾਗੁ ਮ: ੧, ਪੰਨਾ ੪੧)

ਗੁਰਮੁਖੀਆਂ ਸੁਹਾਗਣੀਆਂ ਤੋਂ ਹੀ ਸਿਖਿਆ ਮਿਲਦੀ ਹੈ ਕਿ ਸਤਿਗੁਰ ਜੀ ਦੀ ਬਾਣੀ ਰਤਨ ਸਰੂਪ ਹੈ। ਇਸ ਬਾਣੀ ਅੰਦਰ ਆਏ ਗੁਰ-ਉਪਦੇਸ਼ (ਵਚਨ) ਜੋ ਜੋ ਪ੍ਰਾਣੀ ਸਤਿ ਸਤਿ ਕਰ ਮੰਨਦਾ ਹੈ, ਉਹ ਮਾਨੋ ਹਰਿ ਰਸ ਹੀ ਭੁੰਚਦਾ ਹੈ। 'ਸਤਿਗੁਰ ਬਚਨ ਕਮਾਵਣੇ'* ਭੀ ਹਰਿ ਰਸ ਪ੍ਰਾਪਤ ਕਰਨ ਦਾ ਦੂਜਾ ਸੂਖਮ ਸਾਧਨ ਹੈ। ਉਪਰੋਕਤ ਸ਼ਬਦ ਵਿਚ ਦਸਿਆ ਹੈ ਕਿ ਹਰਿ ਰਸ ਦੀ ਪ੍ਰਾਪਤੀ ਦੀ ਸੋਝੀ ਦੇਣ ਵਾਲੇ ਸਜਣ ਹੋਰ ਹੁੰਦੇ ਹਨ, ਤੇ ਹਰਿ ਰਸੁ ਦੇਣ ਵਾਲੀ ਵਿਅਕਤੀ ਹੋਰ ਹੈ। ਹਰਿ ਰਸੁ ਦੇਣ ਦਾ ਅਧਿਕਾਰੀ ਕੇਵਲ ਗੁਰ-ਸਤਿਗੁਰ ਨੂੰ ਹੀ ਮੰਨਿਆ ਗਿਆ ਹੈ। ਪਰ ਕਈ ਆਪ-ਹੁਦਰੀਆਂ ਸਖੀਆਂ ਨਾਮ ਰਸ ਪੀਣ ਦੀ ਬਜਾਏ, ਆਪ ਹੀ ਗੁਰੂ-ਸਤਿਗੁਰੂ ਦੇ ਅਧਿਕਾਰ ਤੇ ਕਬਜ਼ਾ ਕਰਨੇ ਲਈ ਗੁਰੂ ਦੀ ਬਰਾਬਰੀ ਕਰਨ ਲਗ ਪੈਂਦੀਆਂ ਹਨ। ਆਪਣੇ ਕੋਲੋਂ ਹੀ "ਨਾਮ-ਰਸ" ਖੁਲ੍ਹੇ-ਆਮ ਵੰਡਣ ਲਗ ਪੈਂਦੀਆਂ ਹਨ। ਪਾਰਖੂਆਂ ਨੂੰ ਤਾਂ ਸੋਝੀ ਹੋ ਜਾਂਦੀ ਹੈ ਕਿ ਅਜਿਹੀਆਂ ਸਖੀਆਂ ਦੀ ਦੁਕਾਨ ਤੇ ਕਿਸ ਕਿਸਮ ਦੇ 'ਰਸ' ਦਾ ਵਣਜ ਹੁੰਦਾ ਹੈ। ਪਰ ਬਹੁਤੀਆਂ ਅਨਜਾਣ ਭੋਲੀਆਂ ਰੂਹਾਂ ਦੀ ਸਾਰੀ ਉਮਰ ਹੀ ਭੁਲੇਖੇ ਵਿਚ ਲੰਘ ਜਾਂਦੀ ਹੈ। ਉਹਨਾਂ ਨੂੰ ਇਹ ਨਹੀਂ ਪਤਾ ਕਿ–

ਅਗੈ ਸਾਹੁ ਸੁਜਾਣੁ ਹੈ, ਲੈਸੀ ਵਸਤੁ ਸਮਾਲਿ ॥੧॥੨੩॥ ਸਿਰੀਰਾਗੁ ਮ: ੧, ਪੰਨਾ ੨੨

ਉਹ ਦੇਹ-ਧਾਰੀ ਗੁਰੂਆਂ ਦੇ ਆਸਰੇ ਹੀ ਰਹਿੰਦੇ ਹਨ ਤੇ ਆਸ ਕਰਦੇ ਹਨ ਨਾਮ-ਰਸ ਦੀ। ਉਹਨਾਂ ਨੂੰ ਨਾਮ-ਰਸ ਕੇਵਲ ਪੂਰੇ ਸਤਿਗੁਰੂ ਤੋਂ ਹੀ ਪ੍ਰਾਪਤ ਹੋ ਸਕਦਾ ਹੈ–

*ਸਿਰੀਰਾਗੁ ਮ: ੫, ॥੧॥੯੬॥ ਪੰਨਾ ੫੨



www.AKJ.Org

ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ, ਜਿਤੁ ਨਾਤੈ ਕਊਆ ਹੰਸੁ ਹੋਹੈ ॥੨॥ (੪੯੩)

ਤਾਂਤ੍ਰਿਕ ਮਤਿ, ਜਿਨ੍ਹਾਂ ਦੇ ਵਰਤਮਾਨ ਮੋਢੀ ਆਚਾਰੀਆ ਰਜਨੀਸ਼ ਹਨ, ਦਾ ਮੂਲ ਸਿਧਾਂਤ ਹੀ ਇਹੋ ਹੈ ਕਿ ਮਨੁਖ ਆਪਣੀਆਂ ਇੰਦਰੀਆਂ ਨੂੰ ਹਰ ਤਰ੍ਹਾਂ ਦਾ ਰਸ ਮਾਨਣ ਦੀ ਖੁਲ੍ਹ ਦੇਵੇ, ਰੋਕੇ ਨਾ। ਮਨ ਦੀਆਂ ਹਰ ਪ੍ਰਕਾਰ ਦੀਆਂ ਇਛਾਵਾਂ ਨੂੰ ਸਗੋਂ ਭੋਗੇ। ਇਸੇ ਵਿਚ ਹੀ ਅਨੰਦ ਮਾਣਦਾ ਮਾਣਦਾ ਮਨੁਖ ਪਰਮ-ਅਨੰਦ ਨੂੰ ਪ੍ਰਾਪਤ ਹੋ ਸਕਦਾ ਹੈ। ਪਰ ਇਹ ਕੂੜਾ ਭਰਵਾਸਾ ਹੈ, ਜਿਸ ਬਾਰੇ ਭਾਈ ਗੁਰਦਾਸ ਜੀ ਨੇ ਕਿਆ ਖ਼ੂਬ ਲਿਖਿਆ ਹੈ :–

ਅਖੀਂ ਵੇਖ ਨ ਰਜੀਆਂ ਬਹੁ ਰੰਗ ਤਮਾਸ਼ੇ ॥
ਉਸਤਤਿ ਨਿੰਦਾ ਕੰਨ ਸੁਣਿ ਰੋਵਣਿ ਤੈ ਹਾਸੇ ॥
ਸਾਦੀਂ ਜੀਭ ਨ ਰਜੀਆ ਕਰਿ ਭੋਗ ਬਿਲਾਸੇ ॥
ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ ॥
ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ ॥
ਪੀਰ ਮੁਰੀਦਾਂ ਪਿਰਹੜੀ ਸਚੀ ਰਹਰਾਸੇ ॥ (ਵਾਰ ੨੭, ਪਉੜੀ ੯)

ਹੁਣ ਤਕ ਦੀ ਵੀਚਾਰ ਰਾਹੀਂ ਅਸੀਂ ਇਸ ਸਿੱਟੇ ਤੇ ਪੁੱਜੇ ਹਾਂ ਕਿ ਗੁਰਬਾਣੀ ਅੰਦਰ ਜਿਥੇ ਬਾਰ ਬਾਰ "ਨਾਨਕ ਕੈ ਘਰਿ ਕੇਵਲ ਨਾਮੁ"* ਦੀ ਦੋਹੀ ਫੇਰੀ ਗਈ ਹੈ ਤੇ ਜਗਿਆਸੂ ਨੂੰ ਬ੍ਰਾਹਮਣੀ ਕਰਮ-ਧਰਮ ਦੀਆਂ ਜ਼ੰਜੀਰਾਂ ਤੋਂ ਮੁਕਤ ਹੋਣ ਲਈ ਜ਼ੋਰਦਾਰ ਪ੍ਰੇਰਨਾ ਦਿਤੀ ਗਈ ਹੈ, ਉਥੇ ਨਾਮ-ਰਸ, ਅੰਮ੍ਰਿਤ-ਰਸ ਦੇ ਕੁੰਡਾਂ ਦੇ ਭਰਪੂਰ ਹੋਣ ਵਲ ਭੀ ਸੰਕੇਤ ਕੀਤਾ ਗਿਆ ਹੈ ਤੇ ਜੁਗਤ ਇਹੋ ਦੱਸੀ ਗਈ ਹੈ ਕਿ ਨਾਮ ਜਪਦਿਆਂ ਜਪਦਿਆਂ ਰਸ ਦੀ ਬਖਸ਼ਿਸ਼ ਹੁੰਦੀ ਹੈ।

ਅੰਤਰਿ ਖੂਹਟਾ ਅੰਮ੍ਰਿਤਿ ਭਰਿਆ, ਸਬਦੇ ਕਾਢਿ ਪੀਐ ਪਨਿਹਾਰੀ ॥੨॥੫॥
(ਵਡਹੰਸੁ ਮ: ੩, ਛੰਤ, ਪੰਨਾ ੫੭੦)

ਨਾਮ ਜਾਪ ਦੇ ਨਾਲ ਨਾਲ ਜਗਿਆਸੂ ਨੂੰ ਨਾਮ-ਰਸ ਪੀਣ ਦੀ ਅਭਿਲਾਸ਼ਾ ਕਰਨੀ ਲੋੜੀਦੀ ਹੈ। "ਜਿਸਹਿ ਜਗਾਏ ਪੀਆਵੈ ਇਹੁ ਰਸੁ, ਅਕਥ ਕਥਾ ਤਿਨਿ ਜਾਨੀ"† ਜਗਿਆਸੂ ਲਈ ਇਕ ਨਵੀਂ ਸੋਧ ਹੈ। ਜੋਗੀ, ਸਿਧ, ਨਾਥ ਆਦਿ ਵਰ੍ਹਿਆਂ-ਬੱਧੀ ਕਈ ਤਰ੍ਹਾਂ ਦੇ ਨਾਮ ਰਟਦੇ ਰਹੇ, ਇੜਾ ਪਿੰਗਲਾ ਦੇ ਅਭਿਆਸ ਤੇ ਕਈ ਪ੍ਰਕਾਰੀ ਆਸਣਾਂ ਨਾਲ ਮਨ ਦੀਆਂ ਅਨਿਕ ਪ੍ਰਕਾਰੀ ਕਾਮਨਾਵਾਂ ਨੂੰ ਰੋਕਦੇ ਰਹੇ, ਪਰ ਨਾਮ-ਰਸੁ ਪ੍ਰਾਪਤ ਨਹੀਂ ਹੋਇਆ। ਹਰਿ-ਰਸ ਦੀ ਪ੍ਰਾਪਤੀ ਤੋਂ ਬਿਨਾਂ ਮਨ ਭੁੱਖਾ ਭੁੱਖਾ ਰਹਿੰਦਾ ਹੈ, ਰਜਦਾ ਹੀ ਨਹੀਂ।

ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ ॥੧॥ ਬਿਲਾਵਲੁ ਮ: ੫, ਪੰਨਾ ੮੦੩

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਰਥਰਿ ਜੋਗੀ ਨੂੰ ਅੰਮ੍ਰਿਤ ਰਸ ਤਿਆਰ ਕਰਨ ਦਾ ਜੋ ਨੁਸਖ਼ਾ ਦਸਿਆ ਹੈ, ਉਹ ਨੋਟ ਕਰਨ ਯੋਗ ਹੈ :

ਗੁੜੁ ਕਰਿ ਗਿਆਨੁ, ਧਿਆਨੁ ਕਰਿ ਧਾਵੈ, ਕਰਿ ਕਰਣੀ ਕਸੁ ਪਾਈਐ ॥
ਭਾਠੀ ਭਵਨੁ, ਪ੍ਰੇਮ ਕਾ ਪੋਚਾ, ਇਤੁ ਰਸਿ ਅਮਿਉ ਚੁਆਈਐ ॥੧॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ, ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ, ਸਬਦੁ ਅਨਾਹਦ ਗਹਿਆ ॥੧॥ਰਹਾਉ॥
ਪੂਰਾ ਸਾਚੁ ਪਿਆਲਾ ਸਹਜੇ, ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ, ਕਿਆ ਮਦਿ ਛੂਛੈ ਭਾਉ ਧਰੇ ॥੨॥

*ਭੈਰਉ ਮ: ੫, ॥੪॥੪॥ ਪੰਨਾ ੧੧੩੬ †ਗਉੜੀ ਪੂਰਬੀ ਮ: ੫, ॥੨॥੫॥ ਪੰਨਾ ੧੩



www.AKJ.Org

ਗੁਰ ਕੀ ਸਾਖੀ ਅੰਮ੍ਰਿਤ ਬਾਣੀ, ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥
ਸਿਫਤੀ ਰਤਾ ਸਦ ਬੈਰਾਗੀ, ਜੂਐ ਜਨਮੁ ਨ ਹਾਰੈ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ, ਖੀਵਾ ਅੰਮ੍ਰਿਤ ਧਾਰੈ ॥੪॥੩੮॥
(ਆਸਾ ਮ: ੧, ਪੰਨਾ ੩੬੦)

ਪੰਜਵੇਂ ਸਤਿਗੁਰਾਂ ਨੇ ਭੀ ਹਰਿ-ਰਸ ਬਾਰੇ ਆਸਾ ਰਾਗ ਵਿੱਚ ਇਉਂ ਫੁਰਮਾਇਆ ਹੈ–

ਹਰਿ ਰਸੁ ਪੀਵਤ ਸਦ ਹੀ ਰਾਤਾ ॥ ਆਨ ਰਸਾ ਖਿਨ ਮਹਿ ਲਹਿ ਜਾਤਾ ॥
ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ ॥ ਆਨ ਰਸਾ ਮਹਿ ਵਿਆਪੈ ਚਿੰਦ ॥੧॥
ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ॥ ਆਨ ਰਸਾ ਸਭਿ ਹੋਛੇ ਰੇ ॥੧॥ਰਹਾਉ॥
ਹਰਿ ਰਸ ਕੀ ਕੀਮਤਿ ਕਹੀ ਨ ਜਾਇ ॥ ਹਰਿ ਰਸੁ ਸਾਧੂ ਹਾਟਿ ਸਮਾਇ ॥
ਲਾਖ ਕਰੋਰੀ ਮਿਲੈ ਨ ਕੇਹ ॥ ਜਿਸਹਿ ਪਰਾਪਤਿ ਤਿਸ ਹੀ ਦੇਹਿ ॥੨॥
ਨਾਨਕ ਚਾਖਿ ਭਏ ਬਿਸਮਾਦੁ ॥ ਨਾਨਕ ਗੁਰ ਤੇ ਆਇਆ ਸਾਦੁ ॥
ਈਤ ਊਤ ਕਤ ਛੋਡਿ ਨ ਜਾਇ ॥ ਨਾਨਕ ਗੀਧਾ ਹਰਿ ਰਸ ਮਾਹਿ ॥੩॥੨੭॥
(ਆਸਾ ਮ: ੫, ਪੰਨਾ ੩੭੭)

ਭਾਵ, ਹਰਿ ਰਸੁ ਸੰਸਾਰ ਦੇ ਸਾਰੇ ਪਦਾਰਥਕ ਰਸਾਂ ਨਾਲੋਂ ਸ੍ਰੇਸ਼ਟ ਰਸ ਹੈ । ਬਾਕੀ ਦੇ ਰਸ ਹੋਛੇ ਹਨ । ਹਰਿ-ਰਸ ਲਖਾਂ ਕਰੋੜਾਂ ਰੁਪਏ ਖਰਚ ਕੇ ਭੀ ਨਹੀਂ ਮਿਲ ਸਕਦਾ । ਉਹ ਤੇ ਗੁਰੂ-ਸਾਧੂ ਦੀ ਹਟੀ ਤੋਂ ਭੈ-ਭਾਵਨੀ ਤੇ ਸਿਦਕ-ਭਰੋਸੇ ਨਾਲ ਤਨ ਮਨ ਧਨ ਅਰਪ ਕੇ ਹੀ ਮਿਲਦਾ ਹੈ । ਹਰਿ-ਰਸ ਦੀ ਖ਼ੂਬੀ ਇਹ ਹੈ ਕਿ ਮਨ ਦੀਆਂ ਜਨਮਾਂ ਜਨਮਾਂਤਰਾਂ ਦੀਆਂ ਭੁਖਾਂ ਉਤਰ ਜਾਂਦੀਆਂ ਹਨ ਤੇ ਮਨ ਸਦਾ ਲਈ ਖੀਵਾ ਹੋ ਜਾਂਦਾ ਹੈ–

ਏ ਰਸਨਾ ਤੂ ਅਨਰਸਿ ਰਾਚਿ ਰਹੀ, ਤੇਰੀ ਪਿਆਸ ਨ ਜਾਇ ॥
ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥
ਹਰਿ ਰਸੁ ਪਾਇ ਪਲੈ, ਪੀਐ ਹਰਿ ਰਸੁ, ਬਹੁੜਿ ਨ ਤ੍ਰਿਸਨਾ ਲਾਗੈ ਆਇ ॥
ਏਹੁ ਹਰਿ ਰਸੁ ਕਰਮੀ ਪਾਈਐ, ਸਤਿਗੁਰੁ ਮਿਲੈ ਜਿਸੁ ਆਇ ॥
ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ ॥੩੨॥
(ਰਾਮਕਲੀ ਮ: ੩ ਅਨੰਦੁ, ਪੰਨਾ ੯੨੧)

# ਪਰਮ ਪੁਰਖ ਸੀ ਪਰਮ ਇਨਸਾਨ ਸੀ ਉਹ

[ਸ: ਵਿਧਾਤਾ ਸਿੰਘ ਜੀ ਤੀਰ]

ਹਿੰਦੂ ਨਹੀਂ ਸੀ, ਨਾ ਮੁਸਲਮਾਨ ਹੀ ਸੀ, ਪਰਮ ਪੁਰਖ ਸੀ ਪਰਮ ਇਨਸਾਨ ਸੀ ਉਹ ।
ਨਵੇਂ ਰਾਹ ਤੇ ਪੰਧ ਉਲੀਕਦਾ ਸੀ, ਨਵੀਂ ਜ਼ਿੰਦਗੀ ਦਾ ਦੇਂਦਾ ਦਾਨ ਸੀ ਉਹ ।
ਨਵੀਂ ਜੋਤਨਾ ਸੂਝ ਦੀ ਵੰਡਦਾ ਸੀ, ਨਵੀਂ ਪਾਉਂਦਾ ਮੋਇਆਂ ਚਿ ਜਾਨ ਸੀ ਉਹ ।
ਬੰਦਾ ਦੇਹ ਤੋਂ ਰੱਬ ਦਾ ਜਾਪਦਾ ਸੀ, ਐਪਰ ਆਤਮਾ ਵਲੋਂ ਭਗਵਾਨ ਸੀ ਉਹ ।
ਉਹਦੇ ਅੰਦਰੋਂ ਬੋਲਦਾ ਰੱਬ ਹੈ ਸੀ, ਜਦੋਂ ਮਸਤ ਹੋ ਕੇ ਬਾਣੀ ਬੋਲਦਾ ਸੀ ।
ਮਾਲਕ ਉਹ ਰੱਬੀ ਮੋਦੀ-ਖ਼ਾਨਿਆਂ ਦਾ, ਮੇਰਾ ਨਹੀਂ, 'ਤੇਰਾ ਤੇਰਾ' ਤੋਲਦਾ ਸੀ ।



www.AKJ.Org

# ਸ੍ਰੀ ਗੁਰੂ ਨਾਨਕ ਦਾ ਸਰਬ-ਪੱਖੀ ਇਨਕਲਾਬ

[ਸ: ਧਰਮ ਸਿੰਘ ਜੀ, ਭੰਖਰ ਪੁਰ]

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਦੇ ਸਮੇਂ ਤੋਂ ਪਹਿਲਾਂ ਦਾ ਸਮਾਜ, ਨਿਰਾ ਝੂਠ, ਪਖੰਡ, ਰਿਸ਼ਵਤਖ਼ੋਰੀ (ਵੱਢੀ) ਅਤੇ ਬੇਇਨਸਾਫ਼ੀ ਦੀ ਧੁੰਦ ਵਿਚ ਜਿਸ ਤਰ੍ਹਾਂ ਬੱਝਿਆ ਪਿਆ ਸੀ, ਉਸ ਦਾ ਜ਼ਿਕਰ ਗੁਰੂ ਸਾਹਿਬ ਜੀ ਦੀ ਬਾਣੀ ਤੋਂ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਸਪਸ਼ਟ ਹੈ। ਜਿਵੇਂ :-

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥੧। ੧੧॥

ਅਤੇ- ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰ ॥੨॥੧੧॥

(ਆਸਾ ਦੀ ਵਾਰ, ਪੰਨਾ ੪੬੮)

ਅਤੇ- ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥

-ਤਿਲੰਗ ਮ: ੧, ਪੰਨਾ ੭੨੨

ਭਾਈ ਗੁਰਦਾਸ ਜੀ ਅਨੁਸਾਰ :-

ਕੂੜੁ ਅਮਾਵਸ, ਸਚੁ ਚੰਦ੍ਰਮਾ ਦੀਸਹਿ ਨਾਹੀ ਕਹ ਚੜ੍ਹਿਆ ॥

ਇਸ ਪ੍ਰਕਾਰ ਧਰਤੀ ਤੇ ਪਾਪਾਂ ਦਾ ਭਾਰ ਵਧਿਆ। ਧਰਮ ਰੂਪੀ ਧੌਲ ਕੰਬਣ ਲਗਾ। ਧਰਤੀ ਤੇ ਵਸਦੀ ਲੁਕਾਈ ਦੀ ਪੁਕਾਰ ਅਕਾਲ ਪੁਰਖ ਦੀ ਦਰਗਾਹ ਵਿਖੇ ਪਰਵਾਨ ਹੋਈ-

ਸੁਣੀ ਪੁਕਾਰ ਦਾਤਾਰ ਪ੍ਰਭ, ਗੁਰੁ ਨਾਨਕ ਜਗ ਮਾਹਿ ਪਠਾਇਆ ॥

ਅਤੇ ਰਾਏ ਭੋਏ ਦੀ ਤਲਵੰਡੀ (ਨਨਕਾਣਾ ਸਾਹਿਬ) ਦੀ ਪਾਵਨ ਪਵਿੱਤਰ ਧਰਤੀ ਉਤੇ-

ਸਤਿਗੁਰ ਨਾਨਕ ਪਰਗਟਿਆ, ਮਿਟੀ ਧੁੰਧ ਜਗਿ ਚਾਨਣ ਹੋਆ ॥

ਭਾਈ ਸਾਹਿਬ ਭਾਈ ਗੁਰਦਾਸ ਜੀ ਇਹ ਸਚਾਈ ਲੁਕਾਈ ਪ੍ਰਤੀ ਪ੍ਰਗਟ ਕਰਦੇ ਹਨ-

ਕਲਿ ਤਾਰਨ ਗੁਰ ਨਾਨਕ ਆਇਆ।

ਸਰਬ-ਕਲਾ ਸਮਰੱਥ ਗੁਰੂ ਜੀ ਨੇ ਦੱਬੀ ਕੁਚਲੀ ਲੁਕਾਈ ਨੂੰ ਰੂਹਾਨੀਅਤ ਦਾ ਬਲ ਦਿੱਤਾ ਅਤੇ ਘੂਕ ਸੁੱਤੀ ਖ਼ਲਕਤ ਨੂੰ ਹਲੂਣਿਆ, ਹੁਸ਼ਿਆਰ ਤੇ ਖਬਰਦਾਰ ਕੀਤਾ। ਮਨੁੱਖ-ਵੇਸ ਵਿਚ ਫਿਰਦੇ ਦੈਂਤਾਂ (ਦੁਸ਼ਟ ਲੋਕਾਂ) ਨੂੰ ਸ਼ਰੇ-ਆਮ ਲਲਕਾਰਿਆ। ਸਮੇਂ ਦੇ ਬੇਇਨਸਾਫ਼ੇ ਰਾਜ ਦੀ ਸਖ਼ਤ ਆਲੋਚਨਾ ਕਰਦਿਆਂ ਫੁਰਮਾਇਆ-

ਕਲਿ ਕਾਤੀ ਰਾਜੇ ਕਸਾਈ ਧਰਮੁ ਪੰਖ ਕਰਿ ਉਡਰਿਆ ॥

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥੧॥੧੬॥

ਸਲੋਕੁ ਮ: ੧, ਮਾਝ ਕੀ ਵਾਰ, ਪੰਨਾ ੧੪੫

ਆਪ ਨੇ ਬਾਬਰ ਨੂੰ "ਜਾਬਰ" ਆਖ ਕੇ ਲਲਕਾਰਿਆ। ਕਾਮ, ਕਰੋਧ, ਲੋਭ, ਮੋਹ, ਅਹੰਕਾਰ ਅਤੇ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਹੇ ਸਮੁਚੇ ਜਗਤ ਨੂੰ ਵੇਖ ਕੇ ਆਪ ਬਿਹਬਲ ਹੋ ਉਠੇ। ਆਪ ਨੇ "ਧੁਰ ਕੀ ਬਾਣੀ" ਦੁਆਰਾ ਸੰਸਾਰ ਭਰ ਵਿਚ "ਸਰਬ-ਪੱਖੀ ਇਨਕਲਾਬ" ਦਾ ਨਾਅਰਾ ਲਾਇਆ। ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਕਦਰਾਂ-ਕੀਮਤਾਂ ਨੂੰ ਉੱਚਾ ਚੁਕਣ ਲਈ, ਕੇਵਲ ਭਾਰਤ ਵਰਸ਼ ਵਿਚ ਹੀ ਨਹੀਂ, ਸਗੋਂ ਦੇਸਾਂ ਦੇਸਾਂਤਰਾਂ ਵਿਚ ਲਗ ਪਗ ੩੬੦੦੦ ਮੀਲ ਦਾ ਪੈਂਡਾ ਮਾਰ ਕੇ 'ਸਮੁੱਚੀ ਮਨੁਖਤਾ' ਨੂੰ ਧਰਮ ਤੇ ਸੱਚ ਦਾ ਮਾਰਗ ਵਿਖਾਇਆ ਅਤੇ ਨਿਰਭਉ, ਨਿਰਵੈਰ ਅਕਾਲ ਪੁਰਖ ਦੀ ਹੋਂਦ ਨੂੰ ਲੋਕਾਂ ਦੇ ਮਨਾਂ ਵਿਚ ਦ੍ਰਿੜ੍ਹ ਕਰਾਇਆ।

ਆਪ ਜੀ ਨੇ 'ਫੁੱਟ ਪਾਉ' ਵਿਚਾਰਧਾਰਾ ਦੀ ਵਿਰੋਧਤਾ ਕੀਤੀ ਅਤੇ ਕਿਸੇ ਖਾਸ ਦਿਸ਼ਾ ਜਾਂ ਥਾਂ ਵਿਚ



www.AKJ.Org

ਈਸ਼ਵਰ ਦੀ ਹੋਂਦ ਨੂੰ ਗਲਤ ਦਸਿਆ । ਸਗੋਂ ਪਮਾਤਮਾ ਦੀ ਹੋਂਦ ਬਾਰੇ ਸਪਸ਼ਟ ਕੀਤਾ–

ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ, ਘਟਿ ਘਟਿ ਜੋਤਿ ਤੁਮ੍ਹਾਰੀ ॥੨॥

(ਬਿਲਾਵਲੁ ਮ: ੧, ਪੰਨਾ ੭੯੫)

ਕੇਵਲ ਇਕ ਪ੍ਰਮਾਤਮਾ ਦੀ ਭਗਤੀ ਕਰਨੀ, ਕਿਰਤ ਕਰਨੀ ਅਤੇ ਵੰਡ ਕੇ ਛੱਕਣਾ ਹੀ 'ਸ੍ਰੇਸ਼ਟ-ਧਰਮ ਦਸਿਆ ।

ਸਰਬ ਧਰਮ ਮਹਿ ਸ੍ਰੇਸ਼ਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮ ॥

(ਪੰਚਮ ਗੁਰੂ ਨਾਨਕ)

ਅਤੇ– ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥੨੨॥

(ਸਲੋਕ ਮ: ੧, ਸਾਰੰਗ ਕੀ ਵਾਰ, ਪੰਨਾ ੧੨੪੫)

ਉਪਰ ਦ੍ਰਿੜ੍ਹਾਏ ਤਿੰਨੇ ਪੱਖ ਸਰਬ-ਪੱਖੀ ਇਨਕਲਾਬ ਦੇ ਮੂਲਕ ਸਿਧਾਂਤ ਹਨ । ਸਭ ਤੋਂ ਪਹਿਲਾ ਤੇ ਉਤਮ ਪੱਖ ਹੈ ਵਾਹਿਗੁਰੂ ਦੀ ਹੋਂਦ ਨੂੰ ਮੰਨਣਾ ਤੇ ਪੂਰਨ ਵਿਸ਼ਵਾਸੀ ਬਣਨਾ, ਨਾਲ ਹੀ ਉਸ ਦੀ ਬੰਦਗੀ ਕਰਨਾ (ਨਾਮ ਜਪਣਾ) । ਇਸ ਤੋਂ ਬਾਅਦ, ਉੱਦਮ ਕਰੇ, ਆਲਸ ਤਿਆਗੇ, ਵੇਹਲੜਪੁਣਾ ਛੱਡ ਕੇ ਧਰਮ ਦੀ ਸੁੱਚੀ ਕਿਰਤ ਆਪਣੇ ਹੱਥੀਂ ਕਰੇ, ਭਾਵ ਮੇਹਨਤਕਸ਼ ਬਣੇ । ਸਰਬ-ਪੱਖੀ ਇਨਕਲਾਬ ਦਾ ਇਹ ਅਹਿਮ ਪੱਖ ਹੈ । ਇਸ ਤੋਂ ਮਗਰੋਂ ਆਪਣੀ ਸੱਚੀ ਸੁੱਚੀ ਕਿਰਤ ਕਮਾਈ ਕਰਕੇ, ਵੰਡ ਕੇ ਛੱਕਣਾ ਹੈ । ਇਹ ਪੱਖ ਭਾਈਵਾਲਤਾ–ਸਾਂਝੀਵਾਲਤਾ ਅਤੇ ਪ੍ਰੇਮ ਭਾਉ ਵਧਾਉਣ ਵਿਚ ਸਭ ਤੋਂ ਵਧ ਸਹਾਈ ਹੁੰਦਾ ਹੈ । ਇਥੋਂ ਹੀ ਪੰਗਤ ਵਿਚ ਇਕ-ਸਮਾਨ ਬਹਿ ਕੇ ਲੰਗਰ ਛੱਕਣ ਦੀ ਪਰੰਪਰਾ ਚਲਦੀ ਹੈ । ਇਸ ਨਾਲ ਊਚ ਨੀਚ, ਗਰੀਬ ਅਮੀਰ, ਛੋਟੇ-ਵੱਡੇ ਦੇ ਅੰਤਰੇ ਦੀਆਂ ਧੱਜੀਆਂ ਉਡਦੀਆਂ ਹਨ । ਇਹ ਬਰਾਬਰਤਾ ਸਮਾਨਤਾ ਸਰਬ-ਪਖੀ ਇਨਕਲਾਬ ਦਾ ਭਾਰੀ ਪੱਖ ਪੂਰਦੀ ਹੈ ।

ਇਸਤ੍ਰੀਆਂ ਪ੍ਰਤੀ ਚੰਗਾ ਸਲੂਕ ਕਰਨਾ, ਗੁਰੂ ਨਾਨਕ ਦੇਵ ਜੀ ਦਾ ਇਕ ਹੋਰ ਮਹਾਨ ਇਨਕਲਾਬ ਸੀ । ਪਹਿਲਾਂ ਵੀ ਤੇ ਹੁਣ ਵੀ ਕਈ ਫ਼ਿਰਕਿਆਂ ਤੇ ਧਰਮਾਂ ਵਿੱਚ ਔਰਤ ਲਈ ਕੋਈ ਥਾਂ ਨਹੀਂ ਸੀ, ਸਗੋਂ ਔਰਤ ਨੂੰ ਜੁੱਤੀ ਸਮਾਨ ਨੀਵਾਂ ਸਮਝਿਆ ਜਾਂਦਾ ਹੈ । ਹਿੰਦੂ ਜਗਤ ਦੇ ਸਿੱਧਾਂ ਨਾਥਾਂ ਨੇ ਤਾਂ ਔਰਤ ਜਾਤ ਨਾਲ ਸਖ਼ਤ ਨਫ਼ਰਤ ਭਰਿਆ ਰਵੱਈਆ ਧਾਰਨ ਕਰੀ ਰੱਖਿਆ ਤੇ ਔਰਤ ਨੂੰ 'ਅਪਵਿੱਤਰ' ਕਹਿ ਕਹਿ ਕੇ ਹੀ ਨਿੰਦਿਆ । ਪਰ ਦੁਨੀਆ ਵਿੱਚ ਸਭ ਤੋਂ ਪਹਿਲਾਂ ਔਰਤ ਜਾਤੀ ਉਤੇ ਹੋ ਰਹੇ ਹਮਲਿਆਂ ਦਾ ਜੇ ਮੂੰਹ-ਤੋੜ ਉੱਤਰ ਦਿਤਾ ਤਾਂ ਕੇਵਲ ਗੁਰੂ ਨਾਨਕ ਸਾਹਿਬ ਨੇ ਹੀ । ਆਪ ਨੇ ਫੁਰਮਾਇਆ–

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥<br>
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥<br>
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥<br>
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥੨॥੧੯॥

(ਆਸਾ ਦੀ ਵਾਰ, ਪੰਨਾ ੪੭੩)

ਸਤਿਗੁਰ ਜੀ ਦੀ ਸਮਾਜ ਪ੍ਰਤੀ ਇਹ ਇਕ ਵੰਗਾਰ ਸੀ । ਪਰ ਸਮਾਜ ਗ਼ੁਲਾਮੀ ਕਾਰਨ ਅਤਿ ਦਰਜੇ ਦਾ ਨਿੱਘਰ ਚੁਕਾ ਸੀ । ਇਥੇ ਹੀ ਬਸ ਨਹੀਂ, ਸਮਾਜ ਵਿੱਚ ਇੱਕ ਹੋਰ ਲਾਹਨਤ ਸੀ, ਜੋ ਬੇਹੱਦ ਖ਼ਤਰਨਾਕ ਤੇ ਸਹੀ ਅਰਥਾਂ ਵਿੱਚ ਔਰਤ ਪ੍ਰਤੀ ਜ਼ੁਲਮ ਦਾ ਦ੍ਰਿਸ਼ ਪੇਸ਼ ਕਰਦੀ ਸੀ । ਉਹ ਸੀ ਸਤੀ ਹੋਣ ਦੀ ਰਸਮ । ਔਰਤ ਨੂੰ ਪਤੀ ਦੇ ਮਰ ਜਾਣ ਨਾਲ ਸਮਾਜ ਦੇ ਫ਼ੈਸਲੇ ਮੁਤਾਬਿਕ ਜੀਊਂਦਿਆਂ ਹੀ ਸੜ ਕੇ ਮਰਨਾ ਪੈਂਦਾ ਸੀ, ਜਾਂ



www.AKJ.Org

ਜਬਰੀ ਸਾੜ ਦਿੱਤਾ ਜਾਂਦਾ ਸੀ। ਪਰ ਸਤਿਗੁਰੂ ਜੀ ਨੇ ਇਸ "ਸਤੀ ਪ੍ਰਥਾ" ਦੀ ਬਲੰਦ ਆਵਾਜ਼ ਨਾਲ ਵਿਰੋਧਤਾ ਕੀਤੀ। ਤੇ ਵਿਧਵਾ ਔਰਤ ਨੂੰ ਉਪਦੇਸ਼ ਦਿੱਤਾ ਕਿ "ਮੋਇਆਂ" ਦੇ ਨਾਲ ਆਤਮਘਾਤ ਕਰਨਾ 'ਸਤੀ' ਨਹੀਂ ਅਖਵਾਉਂਦਾ, ਸਗੋਂ ਇਸ ਤੋਂ ਉਲਟ ਵਿਛੜੇ-ਪਤੀ ਦੇ ਵਿਯੋਗ ਵਿੱਚ ਜਤੀ-ਸਤੀ ਰਹਿ ਕੇ, ਸੱਚੀ ਕਿਰਤ ਕਰਕੇ, ਜੀਵਨ ਗੁਜ਼ਾਰਨਾ ਹੀ ਸਹੀ ਅਰਥਾਂ ਵਿੱਚ "ਸਤੀ ਹੋਣਾ" ਹੈ। ਸਤੀ ਹੋਣ ਦੇ ਅੰਦੋਲਨ ਨੂੰ ਪੂਰੀ ਤਰ੍ਹਾਂ ਠਲ੍ਹ ਪਾਉਣ ਲਈ ਤੀਜੇ ਗੁਰੂ ਨਾਨਕ ਨੇ ਮਹਾਨ ਉਪਕਾਰ ਕੀਤਾ ਅਤੇ ਗੁਰਬਾਣੀ ਦੇ ਫ਼ੁਰਮਾਨ ਦੇ ਨਾਲ ਹੀ ਸਰਕਾਰੀ ਤੌਰ ਤੇ ਫ਼ੁਰਮਾਨ ਜਾਰੀ ਕਰਵਾ ਦਿਤੇ ਅਤੇ ਇਸ ਰਸਮ ਨੂੰ ਕਾਨੂੰਨੀ ਤੌਰ ਤੇ ਜੁਰਮ ਕਰਾਰ ਦਿਤਾ ਗਿਆ।

ਗੁਰੂ ਨਾਨਕ ਨਿਰੰਕਾਰੀ ਨੇ ਦਸਿਆਂ ਜੋਤਿ-ਜਾਮਿਆਂ ਵਿਚ ਹਰ ਪੱਖ ਵਿਚ ਇਕ ਨਵਾਂ ਇਨਕਲਾਬ ਲਿਆਂਦਾ ਅਤੇ ਬੁੱਤ-ਪ੍ਰਸਤੀ, ਪਾਖੰਡ ਕਿਰਿਆ, ਜਾਤੀ ਵੰਡ, ਸੂਤਕ-ਪਾਤਕ, ਸ਼ਗਨ ਅਪਸ਼ਗਨ ਆਦਿ ਵਹਿਮਾਂ ਭਰਮਾਂ ਵਿਚ ਫਸੀ ਲੁਕਾਈ ਨੂੰ ਉਪਦੇਸ਼ ਦਿਤਾ ਕਿ ਕੇਵਲ ਇਕ ਸੱਚੇ ਪ੍ਰਭੂ ਦਾ ਲੜ ਫੜੋ, ਬਾਕੀ ਸਭ ਕਰਮ ਧਰਮ ਨਿਸਫਲ ਹਨ।

ਗੁਰੂ ਨਾਨਕ ਦੀ ਦਸਵੀਂ ਜੋਤਿ ਦਸਮੇਸ਼ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰ ਕੇ ਹਰ ਗੁਰਸਿੱਖ ਨੂੰ "ਸੰਤ ਸਿਪਾਹੀ" ਤੇ ਸਰਬ-ਗੁਣਾਂ ਭਰਪੂਰ ਕਰ ਦਿਤਾ। ਅਤੇ ਗੁਰ-ਸੰਗਤ ਨੂੰ "ਖਾਲਸਾ" ਤੇ ਖਾਲਸਾ ਪੰਥ ਨੂੰ "ਗੁਰੂ-ਪੰਥ" ਮੰਨਿਆ। ਭਾਈ ਗੁਰਦਾਸ ਸਿੰਘ (ਦੂਜੇ) ਲਿਖਦੇ ਹਨ—

ਗੁਰ ਸੰਗਤ ਕੀਨੀ ਖਾਲਸਾ, ਮਨਮੁਖੀ ਦੁਹੇਲਾ॥
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥

ਜੇ ਸਿੱਖ ਫ਼ਿਲਾਸਫ਼ੀ, ਖਾਲਸਾ ਪੰਥ ਦੇ ਸਿਧਾਂਤਾਂ ਨੂੰ ਗਹੁ ਨਾਲ ਵਿਚਾਰਿਆ ਜਾਵੇ ਤਾਂ ਕੋਈ ਵਾ ਅਜਿਹਾ ਪੱਖ ਨਹੀਂ ਰਹਿ ਜਾਂਦਾ, ਜਿਸ ਪੱਖੋਂ ਗੁਰੂ ਸਾਹਿਬਾਨ ਨੇ ਇਕ ਨਵਾਂ ਇਨਕਲਾਬ ਨਾ ਲਿਆਂਦੀ ਹੋਵੇ। ਅਜ ਮਾਰਕਸ ਜਾਂ ਲੈਨਿਨ ਦੇ ਲੂਲ੍ਹੇ (ਲੰਗੜੇ) ਇਨਕਲਾਬ ਨੂੰ ਲੈ ਕੇ ਜੋ ਲੋਕ ਨਾਸਤਿਕਤਾ ਦਾ ਪਰਚਾਰ ਕਰ ਰਹੇ ਹਨ, ਉਹਨਾਂ ਨੂੰ ਸਿੱਖ ਗੁਰੂ ਸਾਹਿਬਾਨ ਦਾ ਦਰਸਾਇਆ ਸਰਬ-ਪੱਖੀ ਇਨਕਲਾਬ ਅਪਨਾਉਣਾ ਚਾਹੀਦਾ ਹੈ। ਬਸ਼ਰਤੇ ਕਿ ਉਹ ਨਾਸਤਕਤਾ ਛੱਡਕੇ ਆਸਤਕ ਬਣਨ।

ਗੁਰੂ ਸਾਹਿਬਾਨ ਦੇ ਦਰਸਾਏ ਤੇ ਦ੍ਰਿੜ੍ਹਾਏ ਰਾਹ ਤੇ ਤੁਰਨਾ ਪਏਗਾ, ਉਨ੍ਹਾਂ ਦੇ ਦਸੇ ਅਸੂਲਾਂ ਨੂੰ ਅਪਣਾਉਣਾ ਪਏਗਾ। ਧਰਮ ਦੀ ਕਿਰਤ ਕਰਨੀ, ਵੰਡ ਛਕਣਾ ਅਤੇ ਨਾਮ ਜਪਣਾ ਮੁਢਲੇ ਅਸੂਲਾਂ ਤੇ ਸਖ਼ਤੀ ਨਾਲ ਅਮਲ ਕਰਨਾ ਪਏਗਾ। ਸਭ ਤਰ੍ਹਾਂ ਦੇ ਨਸ਼ਿਆਂ ਦਾ ਤਿਆਗ ਕਰ ਕੇ, ਰੱਬੀ ਰੂਪ ਸਾਬਤ ਸੂਰਤ ਰਖ ਕੇ ਹੀ, ਗੁਰੂ ਕੀ ਸਿਖੀ ਧਾਰਨ ਕਰ ਕੇ ਹੀ, ਸੰਤ-ਸਿਪਾਹੀ ਬਣ ਕੇ ਹੀ, ਆਪਾ ਤਿਆਗ ਕੇ ਮਨੁਖ ਮਾਤਰ ਦਾ ਭਲਾ ਕੀਤਾ ਜਾ ਸਕਦਾ ਹੈ। ਜੇ ਸਿਖ ਸਿਧਾਂਤਾਂ ਨੂੰ ਸਹੀ ਅਰਥਾਂ ਵਿਚ ਅਪਣਾ ਲਿਆ ਜਾਵੇ ਤਾਂ ਫਿਰ ਮਨੁਖ ਆਪਣੇ ਆਪ ਹੀ ਲੂਲ੍ਹੇ ਲੰਗੜੇ ਇਨਕਲਾਬਾਂ ਨੂੰ ਛਡ ਕੇ, ਗੁਰਮਤਿ ਦ੍ਰਿੜ੍ਹਾਏ ਸਰਬ-ਪੱਖੀ ਇਨਕਲਾਬ ਵਿਚ ਤਨੋਂ ਮਨੋਂ ਜੁੱਟ ਜਾਏਗਾ। ਇਹੋ ਹੀ ਸਹੀ ਅਰਥਾਂ ਵਿਚ ਸਮਾਜਵਾਦ ਅਥਵਾ ਨਾਨਕ-ਵਾਦ ਹੈ, ਹੋਰ ਸਭ ਫੋਕਟ ਹੈ।

---

## ਚਿਟ ਨੰਬਰ ਅਤਿ ਜ਼ਰੂਰੀ

ਪਾਠਕਾਂ ਪਾਸ ਬਾਰ ਬਾਰ ਬੇਨਤੀ ਕੀਤੀ ਜਾਂਦੀ ਹੈ ਕਿ ਚਿਠੀ ਪੱਤਰ ਤੇ ਮਨੀਆਰਡਰ ਭੇਜਣ ਦੇ ਨਾਲ ਆਪਣਾ ਚਿਟ ਨੰਬਰ ਜ਼ਰੂਰ ਲਿਖੋ। ਅਸੀਂ ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿਟ ਨੰਬਰ ਲਿਖ ਕੇ ਭੇਜਦੇ ਹਾਂ। ਉਥੋਂ ਵੇਖ ਕੇ ਨੋਟ ਕਰੋ ਅਤੇ ਚਿਟ ਨੰਬਰ ਲਿਖ ਕੇ ਭੇਜੋ। ਜਿਨ੍ਹਾਂ ਚਿਠੀਆਂ ਤੇ ਚਿਟ ਨੰਬਰ ਨਹੀਂ ਹੁੰਦਾ, ਉਨ੍ਹਾਂ ਤੇ ਅਮਲ ਕਰਨ ਵਿਚ ਦੇਰੀ ਹੁੰਦੀ ਹੈ।



www.AKJ.Org

# ਪੂਰਬ ਜਨਮ ਕੇ ਮਿਲੇ ਸੰਜੋਗੀ (੧੦)

[ਪ੍ਰੋਫੈਸਰ ਠਾਕਰ ਸਿੰਘ ਜੀ, ਅੰਮ੍ਰਿਤਸਰ]

## ਰਾਵਲਪਿੰਡੀ ਦੀ ਤੀਜੀ ਪਰਚਾਰ-ਫੇਰੀ–

ਗੁਰਸਿਖਾਂ ਦੀ ਅਤੇ ਡਾ: ਪ੍ਰਗਟ ਸਿੰਘ ਜੀ ਦੀ ਪ੍ਰਬਲ ਇਛਾ-ਅਭਿਲਾਖਾ ਦਾ ਸਦਕਾ ਬਾਊ ਮੱਲ ਸਿੰਘ ਜੀ ਦੀ ਅਗਵਾਈ ਵਿਚ ਜਥਾ ਅਗਲੇ ਸਾਲ ੧੯੩੦ ਦੀਆਂ ਗਰਮੀ ਦੀਆਂ ਛੁੱਟੀਆਂ ਵਿਚ ਰਾਵਲਪਿੰਡੀ ਪੁਜਾ। ਜਥੇ ਨੇ ਡਾਕਟਰ ਪ੍ਰਗਟ ਸਿੰਘ ਜੀ ਦੇ ਗ੍ਰਿਹ ਵਿਖੇ ਹੀ ਨਿਵਾਸ ਕੀਤਾ । ਸ੍ਰੀ ਅਖੰਡਪਾਠ ਸਮਾਗਮ ਵੀ ਇਨ੍ਹਾਂ ਦੇ ਗ੍ਰਿਹ ਵਿਖੇ ਹੀ ਹੋਇਆ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਇਸ ਸਾਲ ੧੯੩੦ ਵਿਚ ਜੇਲ੍ਹ-ਯਾਤਰਾ ਤੋਂ ਵਾਪਸ ਪੁਜ ਚੁਕੇ ਸਨ, ਪਰ ਉਹ ਰਾਵਲਪਿੰਡੀ ਦੇ ਇਸ ਸਮਾਗਮ ਵਿਚ ਸ਼ਾਮਲ ਨਹੀਂ ਸਨ ਹੋ ਸਕੇ।

ਇਸ ਤੀਜੀ ਫੇਰੀ ਸਮੇਂ ਬਹੁਤ ਸਾਰੇ ਨਵੇਂ ਅੰਮ੍ਰਿਤ-ਅਭਿਲਾਖੀ ਤਿਆਰ ਹੋ ਚੁਕੇ ਸਨ। ਇਨ੍ਹਾਂ ਸਮਾਗਮਾਂ ਵਿਚ ਰਾਵਲਪਿੰਡੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਸਿਧ ਕੀਰਤਨੀਏ, ਗੁਰੂ-ਪਿਆਰੇ ਭਾਈ ਤੀਰਥ ਸਿੰਘ ਜੀ ਦੀ ਸੁਭਾਗ ਜੋੜੀ ਦਾ ਜ਼ਿਕਰ ਵਿਸ਼ੇਸ਼ ਵਰਣਨ ਯੋਗ ਹੈ। ਇਹ ਡਾ: ਗੁਰਬਖਸ਼ ਸਿੰਘ ਜੀ ਦੇ ਪਰਮ ਮਿਤਰ ਸਨ ਅਤੇ ਉਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਇਹ ਦੰਪਤੀ ਪਹਿਲੀ ਫੇਰੀ ਸਮੇਂ ਸਾਂਵਲੀ ਚਸ਼ਮੇ ਤੇ ਪੁਜੇ ਸਨ ਅਤੇ ਜਥੇ ਦੇ ਸਮਾਗਮਾਂ ਦੀ ਵਿਲੱਖਣਤਾ ਤੇ ਨਾਮ-ਕਲਾ ਸਦਕਾ ਬੜੇ ਹੀ ਪ੍ਰਭਾਵਤ ਹੋਏ ਸਨ । ਸੋ ਇਸ ਫੇਰੀ ਸਮੇਂ ਜਿਥੇ ਹੋਰ ਅਨੇਕਾਂ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ ਉਥੇ ਇਸ ਦੰਪਤੀ ਨੇ ਵੀ ਪੰਜਾਂ ਦੇ ਪੇਸ਼ ਹੋ ਕੇ ਇਹ ਇਲਾਹੀ ਦਾਤਿ ਪ੍ਰਾਪਤ ਕੀਤੀ। ਆਪ ਬੜੇ ਰੱਬੀ ਰੰਗਾਂ ਵਿਚ ਮਹਿਵ ਹੋ ਗਏ। ਓਦੋਂ ਸਤਿਗੁਰੂ ਜੀ ਨੂੰ ਸਾਖੀ ਸਮਝ ਕੇ ਆਪ ਨੇ ਬੜੀ ਨਿਮਰਤਾ ਵਿਚ ਇਹ ਸ਼ਬਦ ਪੜ੍ਹਿਆ–

ਜੋ ਭੁਲੀ ਜੇ ਚੁਕੀ ਸਾਂਈ ਭੀ ਤਹਿੰਜੀ ਕਾਢੀਆ ॥
ਜਿਨ੍ਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ ॥੧॥
ਹਉ ਨ ਛੋਡਉ ਕੰਤ ਪਾਸਰਾ ॥
ਸਦਾ ਰੰਗੀਲਾ ਲਾਲੁ ਪਿਆਰਾ ਏਹੁ ਮਹਿੰਜਾ ਆਸਰਾ ॥੧॥ਰਹਾਉ॥
ਸਜਣੁ ਤੂਹੈ ਸੈਣੁ ਤੂ ਮੈ ਤੁਝ ਉਪਰਿ ਬਹੁ ਮਾਣੀਆ ॥
ਜਾ ਤੂ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ ॥੨॥
ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ ॥
ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ ॥੩॥
ਪਾਵ ਜੁਲਾਈ ਪੰਧ ਤਉ ਨੈਣੀ ਦਰਸੁ ਦਿਖਾਲਿ ॥
ਸ੍ਰਵਣੀ ਸੁਣੀ ਕਹਾਣੀਆ ਜੇ ਗੁਰੁ ਥੀਵੈ ਕਿਰਪਾਲਿ ॥੪॥
ਕਿਤੀ ਲਖ ਕਰੋੜ ਪਿਰੀਏ ਰੋਮ ਨ ਪੁਜਨਿ ਤੇਰਿਆ ॥
ਤੂ ਸਾਹੀ ਹੂ ਸਾਹੁ ਹਉ ਕਹਿ ਨ ਸਕਾ ਗੁਣ ਤੇਰਿਆ ॥੫॥
ਸਹੀਆ ਤਊ ਅਸੰਖ ਮੰਞਹੁ ਹਭਿ ਵਧਾਣੀਆ ॥
ਹਿਕ ਭੋਰੀ ਨਦਰਿ ਨਿਹਾਲਿ ਦੇਹਿ ਦਰਸੁ ਰੰਗੁ ਮਾਣੀਆ ॥੬॥
ਜੈ ਡਿਠੇ ਮਨੁ ਧੀਰੀਐ ਕਿਲਵਿਖ ਵੰਞਨ੍ਹਿ ਦੂਰੇ ॥
ਸੋ ਕਿਉ ਵਿਸਰੈ ਮਾਉ ਮੈ ਜੋ ਰਹਿਆ ਭਰਪੂਰੇ ॥੭॥
ਹੋਇ ਨਿਮਾਣੀ ਢਹਿ ਪਈ ਮਿਲਿਆ ਸਹਜਿ ਸੁਭਾਇ ॥



www.AKJ.Org

ਪੂਰਬਿ ਲਿਖਿਆ ਪਾਇਆ ਨਾਨਕ ਸੰਤ ਸਹਾਇ ॥੮॥੧॥੪॥

ਸੂਹੀ ਮਹਲਾ ੫, ਪੰਨਾ ੭੬੧

ਇਸ ਸ਼ਬਦ ਦੀ ਵੈਰਾਗ-ਭਿੰਨੀ ਗੂੰਜ ਅਜੇ ਵੀ ਕੰਨਾਂ ਵਿਚ ਗੂੰਜ ਰਹੀ ਹੈ। ਇਸ ਤੋਂ ਪਰਤੱਖ ਸਬੂਤ ਮਿਲਦਾ ਹੈ ਕਿ ਜਦੋਂ ਕੋਈ ਕੋਮਲ ਆਤਮਾ ਅੰਮ੍ਰਿਤ ਦੀ ਪਵਿੱਤਰ ਜੀਅ-ਦਾਨ-ਗੁੜ੍ਹਤੀ ਪ੍ਰਾਪਤ ਕਰ ਕੇ ਨਿਰਮਲ ਹੋ ਜਾਂਦੀ ਹੈ ਤਾਂ ਗੁਰਬਾਣੀ ਰੂਪੀ ਅਣਿਆਲੇ ਤੀਰ ਸਾਰੇ ਮੰਡਲ ਨੂੰ ਹੀ ਮਹਿਕਾ ਦਿੰਦੇ ਹਨ, ਜੋ ਸੁੱਤਿਆਂ ਦੇ ਹਿਰਦਿਆਂ ਅੰਦਰ ਵਸ ਧਸ ਜਾਂਦੇ ਹਨ।

ਇਸ ਅੰਮ੍ਰਿਤ-ਸਮਾਗਮ ਉਪਰੰਤ ਭਾਈ ਤੀਰਥ ਸਿੰਘ ਜੀ ਜਥੇ ਨੂੰ ਪ੍ਰਸ਼ਾਦ ਛਕਾਉਣ ਲਈ ਆਪਣੇ ਗ੍ਰਿਹ ਲੈ ਗਏ। ਬੜੇ ਪਿਆਰ ਨਾਲ ਸੇਵਾ ਕੀਤੀ ਤੇ ਨਾਲ ਹੀ ਬੇਨਤੀ ਕੀਤੀ ਕਿ ਜਥਾ ਉਨ੍ਹਾਂ ਦੇ ਘਰ ਨਗਰ ਮਿਹਾਰ, ਜੋ ਕਿ ਫ਼ਰੰਟੀਅਰ ਹੋਤੀ ਮਰਦਾਨ ਦੇ ਨੇੜੇ ਹੈ, ਵਿਖੇ ਪਧਾਰੇ ਅਤੇ ਸੰਪੂਰਨ ਸਮਾਗਮ ਕਰੇ। ਉਨ੍ਹਾਂ ਦੀ ਬੇਨਤੀ ਪਰਵਾਨ ਕਰ ਕੇ ਇਵੇਂ ਹੀ ਕੀਤਾ ਗਿਆ ਤੇ ਉਥੇ ਪੁਜਣ ਲਈ ਚਾਲੇ ਪਾ ਦਿਤੇ ਗਏ। ਮਰਦਾਨ ਪੁਜ ਕੇ ਉਥੋਂ ਦੀ ਸ੍ਰੀ ਗੁਰੂ ਸਿੰਘ ਸਭਾ ਦੀ ਸੰਗਤ ਵਲੋਂ ਖੂਬ ਆਉ-ਭਾਗਤ ਹੋਇਆ। ਸੰਗਤਾਂ ਨੇ ਪ੍ਰੇਮ ਪਿਆਰ ਸਹਿਤ ਸੇਵਾ ਕਰ ਕੇ ਖੂਬ ਅਨੰਦ ਮਾਣਿਆ ਅਤੇ ਜਥੇ ਨੇ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਕੀਤਾ। ਫਿਰ ਨਗਰ ਮਿਹਾਰ ਪਹੁੰਚੇ। ਪਿੰਡੋਂ ਬਾਹਰ ਨਦੀ-ਕਿਨਾਰੇ ਇਕ ਸਵੱਛ ਅਸਥਾਨ ਤੇ ਸਤਿਗੁਰਾਂ ਦਾ ਪ੍ਰਕਾਸ਼ ਹੋਇਆ ਅਤੇ ਹਸਬ ਮਾਮੂਲ (ਹਮੇਸ਼ਾ ਵਾਂਗ) ਰੱਸ-ਭਰਪੂਰ ਸਮਾਗਮ ਹੋਇਆ। ਇਸੇ ਨਦੀ ਦੇ ਕਿਨਾਰੇ ਪਰਸਿਧ ਤਪੱਸਵੀ ਬਾਬਾ ਕਰਮ ਸਿੰਘ ਜੀ ਹੋਤੀ ਵਾਲਿਆਂ ਦਾ ਡੇਰਾ ਸੀ। ਅਖੰਡਪਾਠ ਦੇ ਸਮਾਗਮ ਤੇ ਸਾਰੇ ਇਲਾਕੇ ਦੀ ਸੰਗਤ ਪੁਜ ਗਈ ਅਤੇ ਅੰਮ੍ਰਿਤ-ਸਿੰਚਾਰ ਸਮਾਗਮ ਵਿਚ ੪੦-੫੦ ਗੁਰੂ-ਪਿਆਰਿਆਂ ਨੇ ਅੰਮ੍ਰਿਤ ਪਾਨ ਕੀਤਾ।

ਹੋਤੀ ਮਰਦਾਨ ਤੋਂ ਹੁੰਦਾ ਹੋਇਆ ਜਥਾ ਪਿਸ਼ਾਵਰ ਪੁਜਾ। ਉਥੇ ਸੰਗਤ ਦੀ ਪ੍ਰੇਰਨਾ ਸਦਕਾ ਭਾਈ ਜੋਗਾ ਸਿੰਘ ਜੀ ਦੇ ਗੁਰਦੁਆਰੇ ਜਥੇ ਨੇ ਕੀਰਤਨ ਕੀਤਾ। ਇਸ ਤੋਂ ਉਪਰੰਤ ਸਾਰਾ ਜਥਾ ਵਾਪਸ ਰਾਵਲਪਿੰਡੀ ਪੁਜ ਗਿਆ। ਉਥੇ ਕਈ ਦਿਨ ਸਥਾਨਕ ਗੁਰਦੁਆਰਿਆਂ ਵਿਚ ਕੀਰਤਨ-ਅਖਾੜੇ ਬਝਦੇ ਰਹੇ।

ਰਾਵਲਪਿੰਡੀ ਸਮਾਗਮਾਂ ਤੋਂ ਮੁੜ ਕੇ ਬਾਊ ਮੱਲ ਸਿੰਘ ਜੀ ਅਜੇ ਸ੍ਰੀ ਅੰਮ੍ਰਿਤਸਰ ਅਤੇ ਤਰਨ ਤਾਰਨ ਸਾਹਿਬ ਦੇ ਦਰਸ਼ਨ-ਦੀਦਾਰਿਆਂ ਲਈ ਇਥੇ ਹੀ ਠਹਿਰੇ ਹੋਏ ਸਨ। ਇਸੇ ਸਮੇਂ ਗੁਰੂ-ਨੇਤ ਨਾਲ ਮਾਨਯੋਗ ਭਾਈ ਸਾਹਿਬ ਰਣਧੀਰ ਸਿੰਘ ਜੀ ਵੀ ਗੁਰੂ-ਦਰ ਦੇ ਦਰਸ਼ਨ ਪਰਸਨ ਲਈ ਸ੍ਰੀ ਅੰਮ੍ਰਿਤਸਰ ਤਰਨ ਤਾਰਨ ਪੁਜ ਗਏ ਸਨ।

ਰਾਵਲਪਿੰਡੀ ਦੇ ਇਨ੍ਹਾਂ ਸਮਾਗਮਾਂ ਸਮੇਂ ਜਦੋਂ ਡਾਕਟਰ ਪ੍ਰਗਟ ਸਿੰਘ ਜੀ ਦੇ ਗ੍ਰਿਹ ਵਿਖੇ ਜਥੇ ਨੇ ਉਤਾਰਾ ਕੀਤਾ, ਸ੍ਰੀ ਅਖੰਡ ਪਾਠ ਸਮਾਗਮ ਰਚਿਆ ਤਾਂ ਪਿਛਲੇ ਸਾਲ ਵਾਂਗ ਡਾਕਟਰ ਸਾਹਿਬ ਫਿਰ ਬੈਰਾਗ ਦਸ਼ਾ ਵਿਚ ਐਸੇ ਮਸਤਾਨੇ ਹੋਏ ਕਿ ਸੁਧ ਬੁਧ ਹੀ ਭੁਲ ਗਏ। ਦਿਮਾਗੀ ਖੇਚਲ ਹੋ ਗਈ। ਖੇਚਲ ਜਦੋਂ ਬਹੁਤ ਹੀ ਵਧ ਗਈ ਤਾਂ ਬੀਬੀ ਇੰਦਰ ਕੌਰ ਜੀ ਨੇ ਰਾਵਲਪਿੰਡੀ ਵਿਚ ਥਾਪੇ ਜਥੇਦਾਰ ਕਿਰਪਾਲ ਸਿੰਘ ਜੀ ਨੂੰ ਸਦਿਆ ਤੇ ਬੇਨਤੀ ਕੀਤੀ ਕਿ ਮਹਾਂ ਪੁਰਸ਼ਾਂ ਪਾਸ ਮੇਰੀ ਅਰਜ਼ੋਈ ਪੁਚਾਓ ਕਿ ਅਰਦਾਸ ਕਰਨ, ਮੇਰੇ ਪਤੀ ਜੀ ਠੀਕ ਹੋ ਜਾਣ। ਲੋਕੀ ਭਾਂਤ ਭਾਂਤ ਦੀਆਂ ਗੱਲਾਂ ਕਰਦੇ ਹਨ। ਮੈਂ ਅੰਮ੍ਰਿਤ ਦੀ ਅਤੇ ਮਹਾਂ ਪੁਰਸ਼ਾਂ ਦੀ ਨਿੰਦਾ ਨਹੀਂ ਸੁਣ ਸਕਦੀ। ਇਸ ਦੇ ਨਾਲ ਹੀ ਇਕ ਬੇਨਤੀ-ਪੱਤਰ ਬਾਊ ਜੀ ਦੀ ਸੇਵਾ ਵਿਚ ਲਿਖ ਭੇਜਿਆ ਅਤੇ ਆਪਣੀ ਬਿਰਥਾ ਇਉਂ ਦਸੀ—

ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥
ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ ॥*

---

* ਸੋਦਰੁ ਰਹਿਰਾਸ, ਪੰਨਾ ੧੨



www.AKJ.Org

ਸ: ਕਿਰਪਾਲ ਸਿੰਘ ਅਤੇ ਇਕ ਹੋਰ ਸਿੰਘ ਬਾਊ ਮੱਲ ਸਿੰਘ ਜੀ ਹੋਰਾਂ ਨੂੰ ਸ੍ਰੀ ਤਰਨ ਤਾਰਨ ਆ ਮਿਲੇ। ਉਥੇ ਹਰਿਮੰਦਰ ਸਾਹਿਬ ਵਿਖੇ ਮਾਨਯੋਗ ਬਾਊ ਜੀ ਨੇ ਆਪ, ਬੜੇ ਬੈਰਾਗ ਵਿਚ ਅਰਦਾਸ ਕੀਤੀ। ਅਤੇ ਫਿਰ ਹੁਕਮ ਇਹ ਆਇਆ—

ਗਈ ਬਹੋੜੁ ਬੰਦੀ ਛੋੜੁ ਨਿਰੰਕਾਰ ਦੁਖਦਾਰੀ ॥
ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ ॥
ਨਾਮੁ ਪਰਿਓ ਭਗਤੁ ਗੋਬਿੰਦ ਕਾ ਇਹ ਰਾਖਹੁ ਪੈਜ ਤੁਮਾਰੀ ॥੧॥
ਹਰਿ ਜੀਉ ਨਿਮਾਣਿਆ ਤੂ ਮਾਣੁ ॥
ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥੧॥ਰਹਾਉ॥
ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥
ਪਿਛਲੇ ਅਉਗਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥੨॥
ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ ॥
ਕਹਣੈ ਕਥਨਿ ਨ ਭੀਜੈ ਗੋਬਿੰਦੁ ਹਰਿ ਭਾਵੈ ਪੈਜ ਰਖਾਈਐ ॥
ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ ॥੩॥
ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ ॥
ਪੂਰਾ ਸਤਿਗੁਰੁ ਮੇਲਿ ਮਿਲਾਵੈ ਸਭ ਚੂਕੈ ਮਨ ਕੀ ਚਿੰਤੀ ॥
ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ ॥੪॥੧੨॥੬੨॥

ਸੋਰਠਿ ਮਹਲਾ ੫, ਪੰਨਾ ੬੨੪-੨੫

ਇਹ ਹੁਕਮਨਾਮਾ ਤੇ ਪ੍ਰਸ਼ਾਦ ਲੈ ਕੇ ਕਿਰਪਾਲ ਸਿੰਘ ਜੀ ਵਾਪਸ ਆਏ। ਨਾਲ ਹੀ ਦਸਿਆ ਕਿ ਮਹਾਂ ਪੁਰਸ਼ਾਂ ਦਾ ਹੁਕਮ ਹੈ ਕਿ ਏਸੇ ਹੁਕਮਨਾਮੇ ਦਾ ਸਾਰਾ ਦਿਨ ਪਾਠ ਕਰੋ। ਸਤ ਦਿਨਾਂ ਦੇ ਅੰਦਰ ਹੀ ਮੇਰੇ ਪਤੀ ਜੀ ਬਿਲਕੁਲ ਠੀਕ ਹੋ ਗਏ।

ਬੀਬੀ ਇੰਦਰ ਕੌਰ ਜੀ ਦੇ ਆਪਣੇ ਸ਼ਬਦਾਂ ਵਿਚ ਇਹ ਵਾਰਤਾ ਅਗੋਂ ਇਸ ਤਰ੍ਹਾਂ ਹੈ—

ਅਰਦਾਸ ਹੋਣ ਦੇ ਸਮੇਂ ਮੇਰੇ ਪਤੀ ਜੀ ਨੂੰ ਬੇਸੁਰਤੀ ਦੀ ਹਾਲਤ ਵਿਚ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਪਹਿਲੀ ਵਾਰ ਦਰਸ਼ਨ ਹੋਏ, ਜੁ ਉਹ ਮੈਂਟਲ ਹਸਪਤਾਲ ਦੇ ਸਭ ਤੋਂ ਵਡੇ ਡਾਕਟਰ ਲਾਜ ਪੈੱਚ (Lodge Patch) ਨਾਲ ਗੱਲ ਬਾਤ ਕਰ ਰਹੇ ਸਨ। ਪੂਰੀ ਹੋਸ਼ ਆਉਣ ਤੇ ਮੇਰੇ ਪਤੀ ਜੀ ਬਹੁਤ ਉਤਾਵਲੇ ਹੋ ਗਏ ਕਿ ਛੇਤੀ ਮਾਨਯੋਗ ਬਊ ਜੀ ਦੇ ਪਿੰਡ ਓਕਾੜੇ ਚਕ ਨੰਬਰ ੫੨ ਜਾਣਾ ਹੈ। ਸ: ਕਿਰਪਾਲ ਸਿੰਘ ਜੀ ਦੰਪਤੀ, ਮੇਰੇ ਮਾਮੀ ਜੀ, ਮੇਰੀ ਭੈਣ ਸੁਰਿੰਦਰ ਕੌਰ ਤੇ ਅਸੀਂ ਦੋਵੇਂ ਦਰਸ਼ਨਾਂ ਲਈ ਤੁਰ ਪਏ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ ਕਰ ਕੇ ਓਕਾੜੇ ਪੁਜ ਗਏ। ਸ੍ਰੀਮਾਨ ਬਾਊ ਮੱਲ ਸਿੰਘ ਜੀ ਤੇ ਉਨ੍ਹਾਂ ਦੇ ਸਾਰੇ ਪਰਵਾਰ ਨੇ ਪੂਰਾ ਸਤਿਕਾਰ ਦਿਤਾ। ਉਥੇ ਪਿਆਰੇ ਹਰਿਬਚਨ ਸਿੰਘ ਜੀ ਦੇ ਦਰਸ਼ਨ ਹੋਏ, ਜੋ ਬਾਊ ਜੀ ਦੇ ਸਾਰੇ ਪਰਵਾਰ ਦੇ ਮਾਮਾ ਜੀ ਸਨ। ਉਹਨਾਂ ਨੇ ਸ੍ਰੀਮਾਨ ਬਾਊ ਜੀ ਦੀ ਸੁਪਤਨੀ (ਮਾਤਾ ਨਿਹਾਲ ਕੌਰ ਜੀ) ਦੇ ਨਾਲ ਅੰਮ੍ਰਿਤ ਪਾਨ ਕੀਤਾ ਸੀ। ਉਸ ਦਿਨ ਤੋਂ ਉਹ ਮੇਰੇ ਵੀ ਮਾਮਾ ਜੀ ਬਣ ਗਏ ਅਤੇ ਸਾਰਾ ਜੀਵਨ ਉਨ੍ਹਾਂ ਨੇ ਮੈਨੂੰ ਆਪਣੀਆਂ ਬੱਚੀਆਂ ਵਾਲਾ ਪਿਆਰ ਦਿਤਾ।

ਮਾਨਯੋਗ ਬਾਊ ਜੀ ਤੇ ਮਾਮਾ ਜੀ ਸਾਨੂੰ ਨਾਰੰਗਵਾਲ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਦਰਸ਼ਨਾਂ ਲਈ ਲੈ ਗਏ। ਰਾਤ ਅਸੀਂ ਲੁਧਿਆਣੇ ਪ੍ਰੋ: ਠਾਕਰ ਸਿੰਘ ਜੀ ਦੇ ਘਰ ਰੁਕੇ, ਜੋ ਰਿਸ਼ਤੇ ਵਿਚ ਬਾਊ ਜੀ ਦੇ



www.AKJ.Org

ਭਤੀਜੇ ਸਨ, ਪਰ ਪਿਆਰ ਵਿਚ ਪਿਆਰੇ ਪੁੱਤਰ ਸਨ । ਉਨ੍ਹਾਂ ਨੇ ਜੋ ਪਿਆਰ ਸਤਿਕਾਰ ਸਾਨੂੰ ਦਿਤਾ, ਉਸ ਦੀ ਵੀ ਅਕੱਥ ਕਥਾ ਹੈ । ਉਹ ਹੁਣ ਤਕ ਸਾਡੇ ਪਰਮ ਮਿਤਰ ਅਤੇ ਦੁਖ ਸੁਖ ਦੇ ਸਾਂਝੀਵਾਲ ਹਨ ।

ਦੂਜੇ ਦਿਨ ਸਵੇਰੇ ਅਸੀਂ ਨਾਰੰਗਵਾਲ ਪੁਜੇ । ਮੇਰੇ ਪਤੀ ਜੀ ਦੀ ਹੈਰਾਨੀ ਦੀ ਕੋਈ ਹਦ ਨਾ ਰਹੀ, ਜਦੋਂ ਉਨ੍ਹਾਂ ਨੂੰ ਭਾਈ ਰਣਧੀਰ ਸਿੰਘ ਜੀ, ਬੇਸੁਰਤੀ ਦੀ ਹਾਲਤ ਦੇ ਨਜ਼ਾਰੇ ਵਾਲੇ ਹੀ ਮਹਾਂ ਪੁਰਸ਼ ਦਿਸੇ । ਨਾਲ ਹੀ ਨਜ਼ਾਰੇ ਵਾਲੀ ਥਾਂ ਵੀ ਉਨ੍ਹਾਂ ਦਾ ਘਰ ਹੀ ਦਿਸਿਆ । ਉਨ੍ਹਾਂ ਨੂੰ ਯਕੀਨ ਹੋ ਗਿਆ ਕਿ ਉਨ੍ਹਾਂ ਪ੍ਰਤੀ ਕੀਤੀ ਅਰਦਾਸ ਦੀ ਸੁਣਾਈ ਸ੍ਰੀਮਾਨ ਭਾਈ ਸਾਹਿਬ ਅਤੇ ਮਾਨਯੋਗ ਬਾਊ ਜੀ ਦੇ ਸਦਕੇ ਹੀ ਹੋਈ ਹੈ । ਭਾਈ ਸਾਹਿਬ ਜੀ ਦੀ ਪ੍ਰਬਲ ਸ਼ਖ਼ਸੀਅਤ ਦਾ ਮੇਰੇ ਮਨ ਤੇ ਬੜਾ ਡੂੰਘਾ ਪ੍ਰਭਾਵ ਪਿਆ ।

ਕੁਝ ਸਾਲਾਂ ਬਾਅਦ ਫਿਰ ਸਾਡੇ ਘਰ ਰਾਵਲਪਿੰਡੀ ਵਿਖੇ ਏਸੇ ਜਥੇ ਨੇ ਸ੍ਰੀ ਅਖੰਡਪਾਠ ਰਖਿਆ । ਪਾਠ ਤੋਂ ਮਗਰੋਂ ਮੇਰੇ ਪਤੀ ਜੀ ਦੀ ਦਿਮਾਗੀ ਹਾਲਤ ਫਿਰ ਵਿਗੜ ਗਈ । ਬਾਊ ਮੱਲ ਸਿੰਘ ਜੀ ਮੇਰੇ ਧਰਮ-ਪਿਤਾ ਸਨ ਤੇ ਮੈਂ ਉਹਨਾਂ ਦੀ ਪਿਆਰੀ ਪੁਤਰੀ । ਉਹ ਤਰਸ ਵਿਚ ਆ ਗਏ । ਤਕਲੀਫ਼ ਵਿਚ ਮੈਨੂੰ ਇਕੱਲੇ ਛਡਣਾ ਉਨ੍ਹਾਂ ਲਈ ਮੁਸ਼ਕਲ ਹੋ ਗਿਆ । ਉਨ੍ਹਾਂ ਨੇ ਪ੍ਰੋ: ਠਾਕਰ ਸਿੰਘ ਜੀ ਅਤੇ ਭਾਊ ਤੇਜਾ ਸਿੰਘ ਜੀ ਨੂੰ ਡਾਕਟਰ ਸਾਹਿਬ ਦੀ ਸੇਵਾ ਲਈ ਸਾਡੇ ਘਰ ਰਹਿਣ ਲਈ ਹੁਕਮ ਦਿਤਾ । ਇਨ੍ਹਾਂ ਦੋਹਾਂ ਨੇ ਮੇਰੇ ਪਤੀ ਜੀ ਦੀ ਬੜੇ ਹੀ ਪਿਆਰ ਨਾਲ ਸੇਵਾ ਕੀਤੀ, ਜਿਸ ਲਈ ਮੇਰੇ ਮਨ ਵਿਚ ਗੁਰਸਿਖੀ ਦੇ ਪਿਆਰ ਦੀ ਕੀਮਤ ਬਹੁਤ ਹੀ ਵਧ ਗਈ । ਮੈਨੂੰ ਇਹ ਹੀ ਸੱਕੇ ਸੰਬੰਧੀ ਦਿਸੇ । ਬਾਕੀ ਦੁਨੀਆ ਦੀ ਅਸਲੀਅਤ ਉਘੜ ਕੇ ਸਾਹਮਣੇ ਆ ਗਈ । ਮਾਨਯੋਗ ਬਾਊ ਜੀ ਤੇ ਉਨ੍ਹਾਂ ਦਾ ਸਾਰਾ ਪਰਵਾਰ ਮੈਨੂੰ ਸਭ ਤੋਂ ਪਿਆਰਾ ਤੇ ਸਨੇਹੀ ਭਾਸਣ ਲਗਾ । ਮੇਰੇ ਪਤੀ ਜੀ ਲਾਹੌਰ ਦਿਮਾਗੀ ਬਿਮਾਰੀਆਂ ਦੇ ਹਸਪਤਾਲ ਵਿਚ ਦਾਖ਼ਲ ਹੋ ਗਏ । ਉਹਨਾਂ ਦੀ ਦਿਮਾਗੀ ਹਾਲਤ ਹੋਰ ਵਿਗੜ ਗਈ ।

ਮੈਂ ਉਕਾੜੇ ਗਈ । ਉਥੇ ਬਾਊ ਜੀ ਦੀ ਲੜਕੀ ਬੀਬੀ ਗਿਆਨ ਕੌਰ ਦੀ ਸ਼ਾਦੀ ਸੀ ਅਤੇ ਸ੍ਰੀਮਾਨ ਭਾਈ ਸਾਹਿਬ ਵੀ ਜਥੇ ਸਮੇਤ ਗਏ ਹੋਏ ਸਨ । ਮੇਰੇ ਧਰਮ-ਪਿਤਾ ਬਾਊ ਜੀ ਦਾ ਸੰਗੀਨ ਐਕਸੀਡੈਂਟ ਹੋ ਗਿਆ ਸੀ । ਮੈਂ ਡੂੰਘੀ ਉਦਾਸੀ ਵਿਚ ਭਾਈ ਸਾਹਿਬ ਜੀ ਦੇ ਨਾਲ ਵਾਪਸੀ ਲਈ ਬਸ ਵਿਚ ਬੈਠੀ ਸਾਂ । ਅਚੇਤ ਹੀ ਸ੍ਰੀਮਾਨ ਭਾਈ ਸਾਹਿਬ ਜੀ ਨੇ ਮੇਰੇ ਸਿਰ ਤੇ ਹੱਥ ਰਖ ਦਿਤਾ । ਮੈਂ ਤ੍ਰਭਕ ਜਹੀ ਗਈ । ਫਿਰ ਮਹਾਂ ਪੁਰਸ਼ਾਂ ਨੇ ਬਖਸ਼ਸ਼ ਭਰੀ ਨਜ਼ਰ ਦੇ ਨਾਲ ਹੀ ਬਚਨ ਕੀਤਾ, "ਬਸ ਬੀਬੀ, ਤੇਰਾ ਕਸ਼ਟ ਦੂਰ ਹੋ ਚੁਕਾ ਹੈ, ਹੁਣ ਡਾਕਟਰ ਸਾਹਿਬ ਠੀਕ ਹੋ ਜਾਣਗੇ ।" ਮੈਂ ਸ਼ੁਕਰ ਵਿਚ ਸਿਰ ਨਿਵਾਇਆ । ਮੈਂ ਵਾਪਸ ਰਾਵਲਪਿੰਡੀ ਪੁਜ ਗਈ ।

ਇਕ ਦਿਨ ਸ੍ਰੀਮਾਨ ਭਾਈ ਸਾਹਿਬ ਜੀ ਦੀ ਤਾਰ ਆਈ ਕਿ ਡਾਕਟਰ ਸਾਹਿਬ ਦੀ ਸਿਹਤ ਲਈ ਲੁਧਿਆਣੇ ਸ੍ਰੀ ਅਖੰਡਪਾਠ ਰਖਿਆ ਗਿਆ ਹੈ, ਭੋਗ ਅਰਦਾਸ ਵਿਚ ਸ਼ਾਮਲ ਹੋਵੋ । ਮੈਂ ਵਕਤ ਸਿਰ ਉਥੇ ਪੁਜੀ । ਭਾਈ ਸਾਹਿਬ ਜੀ ਨੇ ਪ੍ਰੋ: ਠਾਕਰ ਸਿੰਘ ਜੀ ਨੂੰ ਅਰਦਾਸ ਕਰਨ ਲਈ ਕਿਹਾ । ਬੜੇ ਰੰਗਾਂ ਵਿਚ ਅਰਦਾਸ ਹੋਈ ।

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥
ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥੨॥੭੭॥

ਬਿਲਾਵਲੁ ਮ: ੫, ਪੰਨਾ ੮੧੯

ਦੇ ਮਹਾਂਵਾਕ ਅਨੁਸਾਰ ਜਨ ਕੀ ਅਰਦਾਸ ਸੁਣੀ ਗਈ ਤੇ ਮੇਰਾ ਕਸ਼ਟ ਦੂਰ ਹੋ ਗਿਆ । ਡਾਕਟਰ ਸਾਹਿਬ ਹਫਤੇ ਦੇ ਵਿਚ ਹੀ ਰਾਜ਼ੀ ਹੋ ਗਏ ।



www.AKJ.Org

## ਰਾਵਲਪਿੰਡੀ ਵਿਖੇ ਚੌਥੀ ਪਰਚਾਰ-ਫੇਰੀ–

੧੯੩੧ ਵਿਚ ਰਾਵਲਪਿੰਡੀ ਦੀਆਂ ਸੰਗਤਾਂ ਵੱਲੋਂ ਪ੍ਰੇਮ-ਸੰਦੇਸ਼ਾ ਪੁੱਜਣ ਤੇ ਮਾਨਯੋਗ ਬਾਊ ਜੀ ਦੇ ਨਾਲ ਭਾਈ ਸਾਹਿਬ ਰਣਧੀਰ ਸਿੰਘ ਜੀ ਤੇ ਦਾਸ (ਠਾਕਰ ਸਿੰਘ), ਬਾਬਾ ਨਰੈਣ ਸਿੰਘ ਜੀ ਕਿਲ੍ਹਾ ਰਾਏਪੁਰ, ਬੀਬੀ ਦਲੇਰ ਕੌਰ, ਬੀਬੀ ਸੁਖਵੰਤ ਕੌਰ ਤੇ ਬੀਬੀ ਕੁਲਵੰਤ ਕੌਰ, ਸਾਰਾ ਜੱਥਾ ਪਿੰਡੀ ਪੁੱਜ ਗਿਆ। ਸਟੇਸ਼ਨ ਤੇ ਉਥੋਂ ਦੀਆਂ ਸੰਗਤਾਂ ਪੁਜੀਆਂ ਹੋਈਆਂ ਸਨ। ਬੜੇ ਉਤਸ਼ਾਹ-ਜਨਕ ਸਜ ਧਜ ਨਾਲ ਜਥੇ ਦਾ ਸੁਆਗਤ ਕੀਤਾ ਗਿਆ।

ਜਥੇ ਦਾ ਉਤਾਰਾ ਡਾ: ਪ੍ਰਗਟ ਸਿੰਘ ਬੀਬੀ ਇੰਦਰ ਕੌਰ ਜੀ ਦੇ ਬੰਗਿਆਂ ਵਿਚ ਹੋਇਆ। ਜੱਥਾ ੧੩ ਦਿਨ ਇਥੇ ਠਹਿਰਿਆ। ਸਵੇਰੇ ਸ਼ਾਮ ਸ਼ਹਿਰ ਦੇ ਵੱਖ ਵੱਖ ਗੁਰਦੁਆਰਿਆਂ ਵਿਚ ਕੀਰਤਨ-ਅਖਾੜੇ ਸਜਦੇ ਰਹੇ। ਇਹ ਦੰਪਤੀ ਜਥੇ ਦੀ ਖੂਬ ਸੇਵਾ ਨਿਭਾਉਂਦੇ ਰਹੇ। ਇਸ ਸੇਵਾ ਸਮੇਂ ਇਕ ਦਿਨ ਬੀਬੀ ਇੰਦਰ ਕੌਰ ਜੀ ਨੇ ਇਸ ਸ਼ਬਦ ਦਾ ਕੀਰਤਨ ਕੀਤਾ–

ਸੰਤਨ ਕੀ ਸਰਣਾਈ ਪੜਿਆ ॥ ਜੀਉ ਪ੍ਰਾਣ ਧਨੁ ਆਗੈ ਧਰਿਆ ॥
ਸੇਵਾ ਸੁਰਤਿ ਨ ਜਾਣਾ ਕਾਈ ਤੁਮ ਕਰਹੁ ਦਇਆ ਕਿਰਮਾਇਣਾ ॥੧੨॥
ਨਿਰਗੁਣ ਕਉ ਸੰਗਿ ਲੇਹੁ ਰਲਾਏ ॥ ਕਰਿ ਕਿਰਪਾ ਮੋਹਿ ਟਹਲੈ ਲਾਏ ॥
ਪਖਾ ਫੇਰਉ ਪੀਸਉ ਸੰਤ ਆਗੈ ਚਰਣ ਧੋਇ ਸੁਖੁ ਪਾਇਣਾ ॥੧੩॥
ਬਹੁਤੁ ਦੁਆਰੇ ਭ੍ਰਮਿ ਭ੍ਰਮਿ ਆਇਆ ॥ ਤੁਮਰੀ ਕ੍ਰਿਪਾ ਤੇ ਤੁਮ ਸਰਣਾਇਆ ॥
ਸਦਾ ਸਦਾ ਸੰਤਹ ਸੰਗਿ ਰਾਖਹੁ ਏਹੁ ਨਾਮ ਦਾਨੁ ਦੇਵਾਇਣਾ ॥੧੪॥
ਭਏ ਕ੍ਰਿਪਾਲ ਗੁਸਾਈ ਮੇਰੇ ॥ ਦਰਸਨੁ ਪਾਇਆ ਸਤਿਗੁਰ ਪੂਰੇ ॥
ਸੂਖ ਸਹਜ ਸਦਾ ਆਨੰਦਾ ਨਾਨਕ ਦਾਸ ਦਸਾਇਣਾ ॥੧੫॥੨॥੭॥

ਮਾਰੂ ਮ: ੫, ਪੰਨਾ ੧੦੭੮

ਮਹਾਂ ਪੁਰਸ਼ਾਂ ਦੀ ਨਾਮ-ਕਮਾਈ ਸਦਕਾ, ਉਨ੍ਹਾਂ ਦੀ ਪਿਆਰ ਦ੍ਰਿਸ਼ਟੀ ਦੀ ਤੁਫ਼ੈਲ ਕੀਰਤਨ ਵਿਚ ਐਸੀ ਕਲਾ ਵਰਤੀ ਕਿ ਇਕ ਅਜਬ ਹੀ ਮਸਤੀ ਛਾ ਗਈ ਅਤੇ ਸਾਰੇ ਹੀ ਰਸ-ਲੀਣ ਹੋਇ ਗੁਰੂ-ਚਰਨਾਂ ਦਾ ਰਸ ਮਾਣ ਰਹੇ ਸਨ।

ਡਾਕਟਰ ਜੀ ਅਤੇ ਬੀਬੀ ਇੰਦਰ ਕੌਰ ਜੀ ਦੇ ਇਸ ਪਿਆਰ ਸਦਕਾ ਜਥਾ ਫਿਰ ਜਦੋਂ ਵੀ ਰਾਵਲਪਿੰਡੀ ਪੁਜਦਾ ਰਿਹਾ, ਇਨ੍ਹਾਂ ਦੇ ਗ੍ਰਿਹਿ ਵਿਖੇ ਹੀ ਨਿਵਾਸ ਰਖਦਾ ਰਿਹਾ। ਜਥੇ ਵਿਚ ਪਹਿਲੇ ਪਹਿਲ ਰੈਣ ਸਬਾਈ ਕੀਰਤਨ ਦਾ ਅਰੰਭ ਵੀ ਇਥੋਂ ਹੀ ਹੋਇਆ। ਇਹ ਵਿਥਿਆ ਬੀਬੀ ਇੰਦਰ ਕੌਰ ਜੀ ਨੇ ਆਪ ਇਉਂ ਬਿਆਨ ਕੀਤਾ ਹੈ–

## "ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ"–

ਦੂਜੇ ਵਿਸ਼ਵ-ਜੰਗ ਵਿਚ ਮੇਰੇ ਪਤੀ (ਡਾਕਟਰ ਪ੍ਰਗਟ ਸਿੰਘ) ਜੀ ਨੇ ਮਿਲਟਰੀ ਦੀ ਨੌਕਰੀ ਲੈ ਲਈ। ਅੰਮ੍ਰਿਤ ਛਕਣ ਵਾਲੇ ਪੰਜਾਂ ਪਿਆਰਿਆਂ ਨੇ ਮਾਸ ਖਾਣ ਦੀ ਮਨਾਹੀ ਕੀਤੀ ਸੀ। ਪਰ ਉਨ੍ਹਾਂ ਪਾਸੋਂ ਮਾਸ ਖਾਧਾ ਗਿਆ। ਹੁਕਮ ਅਨੁਸਾਰ ਸਾਨੂੰ ਮੁੜ ਅੰਮ੍ਰਿਤ ਛਕਣਾ ਪੈਣਾ ਸੀ। ਮੇਰਾ ਮਨ ਉਦਾਸ ਸੀ ਕਿ ਐਤਕੀਂ ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਬਾਊ ਮੱਲ ਸਿੰਘ ਜੀ ਮੇਰੇ ਹੱਥਾਂ ਦਾ ਬਣਿਆ ਭੋਜਨ ਨਹੀਂ ਛਕਣਗੇ। ਤੀਬਰ ਇੱਛਾ ਅਤੇ ਡੂੰਘੀ ਸ਼ਰਧਾ ਨੇ ਇਸ ਦਾ ਹਲ ਲਭ ਲਿਆ। ਸੁੱਕੇ ਆਟੇ ਨੂੰ ਘਿਓ ਵਿਚ ਭੁੰਨ ਲਿਆ, ਵਿਚ ਪੀਸਾ ਖੰਡ ਰਲਾ ਦਿਤੀ ਤੇ ਸੁੱਕੇ ਬਦਾਮ ਪੀਸ ਕੇ ਵਿਚ ਪਾ ਦਿਤੇ। ਮਨ ਵਿਚ ਕਿਹਾ ਕਿ ਇਹ ਪੰਜੀਰੀ ਤਾਂ ਉਹ ਛਕ ਹੀ ਲੈਣਗੇ। ਇਹ ਤਾਂ ਸਭ ਚੀਜ਼ਾਂ ਸੁੱਚੀਆਂ ਹਨ। ਪੰਜੀਰੀ ਨੂੰ ਕੋਰੇ ਭਾਂਡੇ ਵਿਚ ਪਾ ਕੇ, ਉਨ੍ਹਾਂ ਦੇ ਲੰਗਰ ਦੀ ਅਲਮਾਰੀ ਵਿਚ ਰਖ ਦਿਤਾ। ਲੰਗਰ ਤਿਆਰ ਕਰਨ ਵਾਲਿਆਂ ਨਾਲ ਪੰਜੀਰੀ ਬਾਰੇ ਗੱਲ ਕੀਤੀ



www.AKJ.Org

ਤਾਂ ਉਨ੍ਹਾਂ ਕਿਹਾ, "ਬੀਬੀ, ਤੁਸੀਂ ਤਿਆਰ-ਬਰ-ਤਿਆਰ ਨਹੀਂ, ਇਹ ਪੰਜੀਰੀ ਭਾਈ ਸਾਹਿਬ ਤੇ ਬਾਊ ਜੀ ਨਹੀਂ ਛਕਣਗੇ।" ਮੇਰਾ ਮਨ ਬੁਝ ਗਿਆ। ਪੰਜੀਰੀ ਪਈ ਰਹੀ ਤੇ ਮੈਂ ਇਹ ਦਸਣ ਦੀ ਜੁਰਅਤ ਵੀ ਨਾ ਕੀਤੀ ਕਿ ਮੈਂ ਕਿਸ ਪਿਆਰ ਨਾਲ ਇਹ ਪੰਜੀਰੀ ਬਣਾਈ ਹੈ, ਇਹ ਸੁੱਚੀ ਹੈ, ਜੂਠੀ ਨਹੀਂ। ਮੈਨੂੰ ਯਕੀਨ ਹੋ ਚੁਕਾ ਸੀ ਕਿ ਇਹ ਹੁਣ ਪਰਵਾਨ ਨਹੀਂ ਹੋ ਸਕਦੀ।

ਜਥੇ ਦਾ ਕੀਰਤਨ ਕਿਤੇ ਦੂਰ ਦੇ ਗੁਰਦੁਆਰਾ ਸਾਹਿਬ ਵਿਖੇ ਸੀ। ਘਰ ਦੀ ਜ਼ਿਮੇਵਾਰੀ ਸਦਕਾ ਉਸ ਦਿਨ ਮੈਂ ਉਨ੍ਹਾਂ ਦੇ ਨਾਲ ਨਹੀਂ ਸਾਂ ਜਾ ਸਕੀ। ਓਦੋਂ ਹੀ ਜਥੇ ਦੇ ਖਾਸ ਵਿਅਕਤੀ ਕਰਨਲ ਪਿਆਰਾ ਸਿੰਘ ਜੀ ਸਾਡੇ ਘਰ ਆ ਪੁਜੇ। ਉਨ੍ਹਾਂ ਦੇ ਆਉਣ ਦੀ ਮੈਨੂੰ ਬਹੁਤ ਖੁਸ਼ੀ ਹੋਈ। ਸਤਿਗੁਰੂ ਦੇ ਪਿਆਰੇ ਆ ਮਿਲੇ, ਚਾਅ ਚੜ੍ਹ ਗਿਆ। ਬਸ ਜੀ, ਫਿਰ ਤਾਂ—

ਸਜਣ ਮਿਲੇ ਸਜਣਾ ਜਿਨ ਸਤਿਗੁਰ ਨਾਲਿ ਪਿਆਰੁ ॥
ਮਿਲਿ ਪ੍ਰੀਤਮ ਤਿਨ ਧਿਆਇਆ ਸਚੈ ਪ੍ਰੇਮਿ ਪਿਆਰੁ ॥ (੫੮੭)

ਬੈਰਾਗੀ ਜੀਊੜੇ ਕਰਨਲ ਸਾਹਿਬ ਨੇ ਵਾਜਾ ਫੜ ਲਿਆ। ਪ੍ਰੇਮ-ਤਰੰਗ-ਮਸਤੀ ਵਿਚ ਝੂਮਦਿਆਂ ਨੇ ਸ਼ਬਦ ਅਰੰਭ ਦਿਤਾ-

ਹਉ ਅਨਦਿਨੁ ਹਰਿਨਾਮੁ ਕੀਰਤਨੁ ਕਰਉ ॥
ਸਤਿਗੁਰਿ ਮੋ ਕਉ ਹਰਿ ਨਾਮੁ ਬਤਾਇਆ ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ॥੧॥ਰਹਾਉ॥
ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨ ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ ॥
ਜੈਸੇ ਹੰਸੁ ਸਰਵਰ ਬਿਨੁ ਰਹਿ ਨ ਸਕੈ ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ ॥੧॥
ਕਿਨਹੂੰ ਪ੍ਰੀਤਿ ਲਾਈ ਦੂਜਾ ਭਾਉ ਰਿਦ ਧਾਰਿ ਕਿਨਹੂੰ ਪ੍ਰੀਤਿ ਲਾਈ ਮੋਹ ਅਪਮਾਨ ॥
ਹਰਿ ਜਨ ਪ੍ਰੀਤਿ ਲਾਈ ਹਰਿ ਨਿਰਬਾਣ ਪਦ ਨਾਨਕ ਸਿਮਰਤ ਹਰਿ ਹਰਿ ਭਗਵਾਨ ॥੨॥੧੪॥੬੬॥

ਆਸਾਵਰੀ ਮਹਲਾ ੪, ਪੰਨਾ ੩੬੯

ਕਰਨਲ ਸਾਹਿਬ ਕੀਰਤਨ ਵਿਚ ਲਟਬਉਰੇ ਹੋ ਹੋ ਜਾਣ ਅਤੇ ਉਨ੍ਹਾਂ ਦੇ ਅੰਦਰੋਂ ਪ੍ਰੇਮ ਦੀਆਂ ਅਜਿਹੀਆਂ ਕਾਂਗਾਂ ਫੁਟ ਫੁਟ ਨਿਕਲਣ ਕਿ ਬੈਰਾਗ ਦਾ ਇਕ ਮੰਡਲ ਹੀ ਛਾ ਗਿਆ।

ਗੁਰੂ ਨੇਤ ਨਾਲ ਉਸ ਦਿਨ ਪ੍ਰੋਫੈਸਰ ਠਾਕਰ ਸਿੰਘ ਜੀ ਵੀ ਕੀਰਤਨ ਤੇ ਨਾ ਜਾ ਸਕੇ। ਕੀਰਤਨ ਦੇ ਇਨ੍ਹਾਂ ਰੰਗਾਂ ਵਿਚ ਉਹ ਵੀ ਬਿਹਬਲ ਹੋ ਰਹੇ ਸਨ। ਕਰਨਲ ਸਾਹਿਬ ਤੋਂ ਪਿਛੋਂ ਪ੍ਰੋ: ਠਾਕਰ ਸਿੰਘ ਜੀ ਨੇ ਕੀਰਤਨ ਦੇ ਉਸ ਬੈਰਾਗ-ਮੰਡਲ ਵਿਚ ਹੋਰ ਵਾਧਾ ਕੀਤਾ ਅਤੇ ਕੀਰਤਨ ਦੁਆਰਾ ਬਾਣੀ ਦੇ ਬਾਣ ਐਸੇ ਸਿੰਨ੍ਹ ਸਿੰਨ੍ਹ ਕੇ ਚਲਾਏ ਕਿ ਬਸ ਜੀ ਮਨ ਤਨ ਮੋਹਿਆ ਗਿਆ।

ਜਦੋਂ ਜਥਾ ਵਾਪਸ ਸਾਡੇ ਬੁੰਗੇ ਪੁਜਾ ਤਾਂ ਮੈਂ ਸ਼ਬਦ ਪੜ੍ਹ ਰਹੀ ਸਾਂ :—

ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ ॥
ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਕਰਹਲੁ ਬੇਲਿ ਰੀਝਾਈ ॥੧॥ਰਹਾਉ॥
ਹਮਰਾ ਮਨੁ ਬੈਰਾਗ ਬਿਰਕਤੁ ਭਇਓ ਹਰਿ ਦਰਸਨ ਮੀਤ ਕੈ ਤਾਈ ॥
ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ ॥੧॥
ਰਾਖੁ ਸਰਣਿ ਜਗਦੀਸੁਰ ਪਿਆਰੇ ਮੋਹਿ ਸਰਧਾ ਪੂਰਿ ਹਰਿ ਗੁਸਾਈ ॥
ਜਨ ਨਾਨਕ ਕੈ ਮਨਿ ਅਨਦੁ ਹੋਤ ਹੈ ਹਰਿ ਦਰਸਨ ਨਿਮਖ ਦਿਖਾਈ ॥੨॥੩੯॥

ਆਸਾਵਰੀ ਮਹਲਾ ੪, ਪੰਨਾ ੩੬੯-੭੦

ਇਹ ਤੁਕ ਗੂੰਜ ਰਹੀ ਸੀ ਸੀ, "ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ"। ਭਾਈ ਸਾਹਿਬ ਜੀ ਅੰਦਰ ਪੁਜਦਿਆਂ ਸਾਰ ਰੰਗਾਂ ਵਿਚ ਆ ਗਏ ਅਤੇ ਬਾਊ ਜੀ ਨੂੰ ਕਹਿਣ ਲਗੇ, 'ਪ੍ਰੀਤਮੁ ਰਾਮੁ ਬਤਾਵਹੁ'। ਉਨ੍ਹਾਂ



www.AKJ.Org

ਦੇ ਆਉਣ ਨਾਲ ਮੇਰੇ ਮਨ ਦੀ ਦਸ਼ਾ ਹੋਰ ਵੀ ਬੈਰਾਗੀਂ ਗਈ। ਭਾਈ ਸਾਹਿਬ ਤੇ ਸ੍ਰੀਮਾਨ ਬਾਊ ਜੀ ਜਥੇ ਸਮੇਤ ਉਥੇ ਹੀ ਬੈਠ ਗਏ। ਕੀਰਤਨ ਦਾ ਮੰਡਲ ਅਨੂਪਮ ਰੰਗਾਂ ਵਿਚ ਖਿੜ ਗਿਆ। ਪਤਾ ਨਹੀਂ ਕਿਵੇਂ ਮੇਰੇ ਮਨ ਵਿਚ ਆਇਆ, ਤੇ ਮੈਂ ਆਪਣਾ ਇਕ-ਤਾਰਾ ਫੜ ਲਿਆ ਅਤੇ ਸ਼ਬਦ ਅਰੰਭ ਦਿਤਾ :—

ਆਏ ਸੰਤ ਪਰਾਹੁਣੇ, ਕੀਰਤਨ ਹੋਆ ਰੈਣ ਸਬਾਈ॥ [ਭਾਈ ਗੁਰਦਾਸ ਜੀ, ਵਾਰ ੧੦, ਪਉੜੀ ੧੯

ਸੰਤ ਪਰਾਹੁਣੇ ਤਾਂ ਆਏ ਹੋਏ ਹੀ ਸਨ ਅਤੇ ਕੀਰਤਨ ਵੀ ਰਾਤ ਸਮੇਂ ਹੀ ਹੋ ਰਿਹਾ ਸੀ। ਐਉਂ ਕੀਰਤਨ ਰੰਗਾਂ ਵਿਚ ਹੀ ਅੱਧੀ ਰਾਤ ਬੀਤ ਗਈ, ਤਾਂ ਭਾਈ ਸਾਹਿਬ ਜੀ ਕਹਿਣ ਲਗੇ, "ਜੋਗਣੇ, ਲਿਆ ਹੁਣ ਪੰਜੀਰੀ! ਕੌਣ ਕਹਿੰਦਾ ਹੈ ਅਸੀਂ ਤੇਰੇ ਹੱਥਾਂ ਦੀ ਪੰਜੀਰੀ ਨਹੀਂ ਖਾਵਾਂਗੇ? ਉਠ ਲਿਆ ਪੰਜੀਰੀ। ਮੈਂ ਥਿੜਕਦੀਆਂ ਲੱਤਾਂ ਤੇ ਕੰਬਦੇ ਹੱਥਾਂ ਨਾਲ ਲੋਹੇ ਦੇ ਬਾਟੇ ਵਿਚ ਪਾ ਕੇ ਪੰਜੀਰੀ ਪੇਸ਼ ਕੀਤੀ। ਸਾਰੀ ਸੰਗਤ ਵਿਚ ਸੱਨਾਟਾ ਛਾ ਗਿਆ। ਕੀਰ੍ਤਨ ਬੰਦ ਹੋ ਗਿਆ। ਸਭ ਇਹ ਅਸਚਰਜ ਕੌਤਕ ਵੇਖ ਰਹੇ ਸਨ। ਮੈਂ ਆਪਣੀ ਛੁਟਿੱਤਣ ਅਤੇ ਭਾਈ ਸਾਹਿਬ ਦੀ ਵਡਿੱਤਣ ਬਾਰੇ ਸੋਚ ਰਹੀ ਸਾਂ, ਪਰ ਚੁੱਪ ਛਾਈ ਹੋਈ ਸੀ। ਸ੍ਰੀਮਾਨ ਭਾਈ ਸਾਹਿਬ ਜੀ ਨੇ ਇਸ ਚੁੱਪ ਨੂੰ ਤੋੜਿਆ, ਬਖ਼ਸ਼ਸ਼ ਭਰੀਆਂ ਨਜ਼ਰਾਂ ਨਾਲ ਦੇਖਿਆ ਤੇ ਕਿਹਾ, "ਚਖ ਕੇ ਦੇਹ"। ਮੈਂ ਬਾਟਾ ਹੋਰ ਅਗੇ ਉਨ੍ਹਾਂ ਦੇ ਪਾਸ ਕੀਤਾ। ਮੈਥੋਂ ਆਪਣਾ ਆਪ ਸੰਭਾਲਿਆ ਨਹੀਂ ਸੀ ਜਾਂਦਾ। ਉਹ ਫਿਰ ਬੋਲੇ, "ਚਖ ਕੇ ਦੇਹ, ਭੀਲਣੀ ਨੇ ਬੇਰ ਚਖ ਕੇ ਦਿਤੇ ਸਨ।" ਭਾਈ ਸਾਹਿਬ ਮੇਰੇ ਮਨ ਦੀ ਅਵਸਥਾ ਨੂੰ ਲਖ ਗਏ। ਮੈਂ ਹੋਰ ਬਖ਼ਸ਼ਸ਼ ਝਲਣ ਦੇ ਸਮਰੱਥ ਨਹੀਂ ਸਾਂ। ਉਨ੍ਹਾਂ ਨੇ ਦੋ ਬੁਰਕੀਆਂ ਪੰਜੀਰੀ ਦੀਆਂ ਖਾ ਲਈਆਂ ਤੇ ਫਿਰ ਕੀਰਤਨ ਸ਼ੁਰੂ ਹੋ ਗਿਆ, ਜਿਸ ਦਾ ਭੋਗ ਦੂਜੇ ਦਿਨ ਦੁਪਹਿਰ ਦੇ ਇਕ ਵਜੇ ਪਿਆ। ਅਜੀਬ ਮਸਤੀ ਦਾ ਰੰਗ ਬੱਝਿਆ ਰਿਹਾ। ਫਿਰ ਅਸੀਂ ਬੋਪਾਰਾਇ ਦੇ ਸਮਾਗਮ ਤੇ ੧੯੪੧-੪੨ ਵਿਚ ਅੰਮ੍ਰਿਤ ਪਾਨ ਕੀਤਾ।

ਕਿਸੇ ਹੋਰ ਸਮੇਂ ਜਥਾ ਜੇਹਲਮ ਗਿਆ ਤਾਂ ਜਥੇ ਦਾ ਨਿਵਾਸ-ਅਸਥਾਨ ਮੇਰੇ ਪਤੀ ਜੀ ਦੇ ਭੈਣ ਜੀ ਦੇ ਘਰ ਰਖਿਆ ਗਿਆ। ਸ਼ਹਿਰ ਦੇ ਇਕ ਗੁਰਦਵਾਰਾ ਸਾਹਿਬ ਵਿਖੇ ਕੀਰਤਨ ਹੋਇਆ। ਉਥੇ ਭੋਗ ਪੈਣ ਮਗਰੋਂ ਸ੍ਰੀਮਾਨ ਭਾਈ ਸਾਹਿਬ ਜੀ ਤੇ ਬਾਊ ਜੀ ਘਰ, ਦੇ ਗੁਰਦਵਾਰੇ ਅੰਦਰ ਆ ਗਏ ਅਤੇ ਮੈਨੂੰ ਕੀਰਤਨ ਕਰਨ ਦਾ ਹੁਕਮ ਦਿਤਾ। ਸ਼ਬਦ ਪੜ੍ਹਿਆ—

ਸਰਬ ਸੁਖਾ ਗੁਰ ਚਰਨਾ॥
ਕਲਿਮਲ ਡਾਰਨ ਮਨਹਿ ਸਧਾਰਨ ਇਹ ਆਸਰ ਮੋਹਿ ਤਰਨਾ॥੧॥ਰਹਾਉ॥
ਪੂਜਾ ਅਰਚਾ ਸੇਵਾ ਬੰਦਨ ਇਹੈ ਟਹਲ ਮੋਹਿ ਕਰਨਾ॥
ਬਿਗਸੈ ਮਨੁ ਹੋਵੈ ਪਰਗਾਸਾ, ਬਹੁਰਿ ਨ ਗਰਭੈ ਪਰਨਾ॥੧॥
ਸਫਲ ਮੂਰਤਿ ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ॥
ਭਇਓ ਕ੍ਰਿਪਾਲੁ ਠਾਕੁਰੁ ਨਾਨਕ ਕਉ ਪਰਿਓ ਸਾਧ ਕੀ ਸਰਨਾ॥੨॥੧੬॥

ਦੇਵਗੰਧਾਰੀ ਮਹਲਾ ੫, ਪੰਨਾ ੫੩੧

ਮਾਨਯੋਗ ਭਾਈ ਸਾਹਿਬ ਜੀ ਨੇ ਸਿਰ ਤੇ ਹੱਥ ਰਖ ਕੇ ਉਥੇ ਅਠ ਘੰਟੇ ਕੀਰਤਨ ਕਰਵਾਇਆ। ਬਸ ਉਹ ਵੀ ਇਕ ਅਜੀਬ ਘਟਨਾ ਵਾਪਰੀ, ਅਗਾਧ ਬੋਧ ਬਾਣੀ, ਜੋ ਕਦੀ ਪੜ੍ਹੀ ਨਹੀਂ ਸੀ, ਚੇਤੇ ਆ ਗਈ। ਅਠ ਘੰਟੇ ਇਕੋ ਸ਼ਬਦ ਚਲਦਾ ਰਿਹਾ। ਮੈਨੂੰ ਮਹਾਂ ਪੁਰਖਾਂ ਦੀ ਬਖ਼ਸ਼ਸ਼ ਦਾ ਉਦੋਂ ਪਤਾ ਲਗਾ ਕਿ ਕਿਵੇਂ ਨਿਵਾਜ ਲੈਂਦੇ ਹਨ।

ਉਸ ਜੇਹਲਮ ਦੇ ਸਮਾਗਮ ਸਮੇਂ ਜਥਾ ਜੇਹਲਮ ਤੇ ਰੁਹਤਾਸ ਤਵਾਰੀਖੀ ਗੁਰ-ਅਸਥਾਨ ਦੇ ਦਰਸ਼ਨ ਕਰ ਕੇ ਵਾਪਸ ਮੁੜਿਆ ਸੀ। * * * *

ਪਿੰਡੀ ਦੀ ਇਸ ਫੇਰੀ ਵਿਚ ਸਤਿਗੁਰੂ ਜੀ ਦੇ ਇਕ ਅਨਿੰਨ ਸੇਵਕ ਭਾਈ ਸਾਹਿਬ ਈਸ਼ਰ ਸਿੰਘ ਜੀ



www.AKJ.Org

ਦੇ ਦਰਸ਼ਨ ਹੋਏ, ਜਿਨ੍ਹਾਂ ਦਾ ਉਚਾ ਸੁੱਚਾ ਜੀਵਨ ਸੀ। ਆਪ ਜੀ ਮਾਨਯੋਗ ਭਾਈ ਸਾਹਿਬ ਤੇ ਬਾਊ ਜੀ ਦੇ ਦਰਸ਼ਨ-ਭੌਰੇ ਬਣ ਗਏ ਅਤੇ ਹਰ ਕੀਰਤਨ-ਸਮਾਗਮ ਵਿਚ ਹਾਜ਼ਰੀ ਭਰਦੇ ਰਹੇ। ਇਨ੍ਹਾਂ ਦਾ ਜੱਦੀ ਪਿੰਡ ਭੋਆ ਫਤਹਗੜ੍ਹ, ਨੇੜੇ ਕੱਥੂ ਨੰਗਲ ਜ਼ਿਲਾ ਅੰਮ੍ਰਿਤਸਰ ਸੀ । ਆਪ ਜੀ ਰਾਵਲਪਿੰਡੀ ਆਇਲ ਕੰਪਨੀ ਮੋਰਗਾਹ ਵਿਖੇ ਨੌਕਰੀ ਕਰਦੇ ਸਨ।

ਭਾਈ ਈਸ਼ਰ ਸਿੰਘ ਜੀ ਕੀਰਤਨ ਦੇ ਬੜੇ ਰਸੀਏ ਸਨ । ਇਨ੍ਹਾਂ ਦਾ ਮੇਲ ਆਪਣੀ ਤੇਲ-ਕੰਪਨੀ ਮੋਰਗਾਹ ਵਿਚ ਕੰਮ ਕਰਦੇ ਇਕ ਗੁਰਮੁਖ ਪਰਵਾਰ ਨਾਲ ਹੋਇਆ। ਇਹ ਸਨ ਭਾਈ ਨਾਹਰ ਸਿੰਘ ਅਤੇ ਉਨ੍ਹਾਂ ਦੀ ਸੁਪਤਨੀ ਤੇਜਵੰਤ ਕੌਰ, ਜੋ ਕਿ ਬੀਬੀ ਇੰਦਰ ਕੌਰ ਜੀ ਦੀ ਸਹੇਲੀ ਸੀ। ਬੀਬੀ ਤੇਜਵੰਤ ਕੌਰ ਜੀ ਦਾ ਪੇਕਾ ਪਿੰਡ ਘੁੰਗਰਾਣਾ ਜ਼ਿਲਾ ਲੁਧਿਆਣਾ ਸੀ, ਜਿਥੇ ਕਿ ਬੜੇ ਚੜ੍ਹਦੀ ਕਲਾ ਦੇ ਸਮਾਗਮ, ਪੰਜਾਬ ਦੇ ਬਟਵਾਰੇ ਤੋਂ ਬਾਅਦ ਹੁੰਦੇ ਰਹੇ, ਜਿਨ੍ਹਾਂ ਸਮਾਗਮਾਂ ਵਿਚ ਮਾਨਯਵਰ ਭਾਈ ਸਾਹਿਬ ਪੁਜਦੇ ਰਹੇ । ਭਾਈ ਨਾਹਰ ਸਿੰਘ ਜੀ ਦਾ ਪਿਛਲਾ ਪਿੰਡ ਮੁੰਡੀਆਂ ਜ਼ਿਲਾ ਲੁਧਿਆਣਾ ਸੀ। ਆਪ ਜੀ ਬੜੇ ਗੁਝੇ ਅਤੇ ਜੀਰਾਂਦ ਵਾਲੇ ਗੁਰੂ ਕੇ ਲਾਲ ਸਨ। ਆਪ ਜੀ ਨਾਰੰਗਵਾਲ ਪੋਹ ਸੁਦੀ ਸਪਤਮੀ ਦੇ ਸਾਲਾਨਾ ਸਮਾਗਮਾਂ ਤੇ ਲੰਗਰ ਵਿਚ ਬੜੀ ਅਤੁੱਟ ਤੇ ਅਣਥਕ ਸੇਵਾ ਕਰਦੇ ਸਨ। ਲੰਗਰ ਵਿਚ ਬੜੀ ਕਲਾ ਵਰਤਦੀ ਸੀ। ਖ਼ਾਸ ਕਰ ਜਦੋਂ ਆਪ ਜੀ ਲੰਗਰ ਵਰਤਾਉਂਦੇ ਸਨ ਤਾਂ ਆਪ ਜੀ ਦੇ ਸਹਿਜ-ਰੰਗਾਂ ਵਿਚ ਮਿਠੇ ਬਚਨ ਸੰਗਤਾਂ ਨੂੰ ਕੀਲ ਦਿੰਦੇ ਸਨ।

ਇਹ ਸਾਰੇ ਗੁਰਮੁਖ ਪਿਆਰੇ ਜਥੇ ਦੇ ਪੱਕੇ ਪ੍ਰੇਮੀ ਬਣ ਗਏ, ਜਿਸ ਕਰਕੇ ਮਾਨਯਵਰ ਭਾਈ ਸਾਹਿਬ ਤੇ ਸ੍ਰੀਮਾਨ ਬਾਊ ਜੀ, ਭਾਈ ਈਸ਼ਰ ਸਿੰਘ ਜੀ, ਅਤੇ ਸਾਰੇ ਗੁਰਮੁਖ ਪਿਆਰਿਆਂ ਨੇ ਇਨ੍ਹਾਂ ਦੇ ਪਿੰਡ ਮੁੰਡੀਆਂ (ਲੁਧਿਆਣਾ) ਵਿਖੇ ਪੁਜ ਕੇ ਸ੍ਰੀ ਅਖੰਡਪ੍ਰਾਠ ਸਮਾਗਮ ਕੀਤਾ। ਗੁਰਸਿਖੀ ਦੀਆਂ ਪੀਡੀਆਂ ਗੰਢਾਂ ਪੈ ਗਈਆਂ।

ਭਾਈ ਈਸ਼ਰ ਸਿੰਘ ਜੀ ਕੀਰਤਨ ਦੇ ਮੁਤਲਾਸ਼ੀ ਹੋਣ ਕਰਕੇ ਬੀਬੀ ਇੰਦਰ ਕੌਰ ਤੇ ਬੀਬੀ ਤੇਜਵੰਤ ਕੌਰ ਨੂੰ ਆਪਣੀਆਂ ਬੱਚੀਆਂ ਸਮਝਦੇ ਅਤੇ ਇਨ੍ਹਾਂ ਦੀ ਸੰਭਾਲ ਕਰਦੇ ਰਹੇ ਤੇ ਕੀਰਤਨ ਦੇ ਅਨੰਦ ਮਾਣਦੇ ਰਹੇ। ਪਾਕਿਸਤਾਨ ਬਣਨ ਪਿਛੋਂ ਇਹ ਰਾਵਲਪਿੰਡੀ ਤੋਂ ਆਪਣੇ ਪਿੰਡ ਭੋਏ ਆ ਗਏ। ਇਥੇ ਇਨ੍ਹਾਂ ੨੦-੨੫ ਹਜ਼ਾਰ ਰੁਪਏ ਖ਼ਰਚ ਕੇ ਇਕ ਆਲੀਸ਼ਾਨ ਗੁਰਦੁਆਰਾ ਬਣਵਾਇਆ, ਅਤੇ ਬਾਕੀ ਸਾਰੀ ਉਮਰ ਉਸ ਗੁਰੂ-ਦੁਆਰੇ ਦੀ ਸੇਵਾ ਕਰਦੇ ਰਹੇ, ਤੇ ਗੁਰਸਿਖੀ ਦੇ ਪ੍ਰਚਾਰ ਵਿਚ ਆਪਣਾ ਸਾਰਾ ਜੀਵਨ ਬਤੀਤ ਕੀਤਾ। ਰਾਵਲਪਿੰਡੀ ਦੀ ਇਸ ਚੌਥੀ ਫੇਰੀ ਸਮੇਂ ਪਿੰਡੀ ਦੇ ਇਕ ਹੋਰ ਉਚ-ਕੋਟੀ ਦੇ ਕੀਰਤਨ-ਰਸੀਅੜੇ ਗਿਆਨੀ ਹਰਬੰਸ ਸਿੰਘ ਜੀ ਦਾ ਜਥੇ ਨਾਲ ਜੋੜ ਜੁੜਿਆ। ਇਹ ਆਪ ਚੰਗੇ ਕੀਰਤਨੀਏ ਸਨ ਅਤੇ ਕੀਰਤਨ ਕਰ ਕੇ ਸੰਗਤ ਨੂੰ ਬੜਾ ਨਿਹਾਲ ਕਰਦੇ ਸਨ, ਖਾਸ ਕਰਕੇ ਸ੍ਰੀ ਨਗਰ ਕਸ਼ਮੀਰ-ਫੇਰੀਆਂ ਸਮੇਂ ਸਾਰਾ ਵਕਤ ਜਥੇ ਦੇ ਨਾਲ ਰਹਿੰਦੇ ਰਹੇ । ਪਿਛੋਂ ਹਰ ਸਾਲ ਨਾਰੰਗਵਾਲ ਦੇ ਸਲਾਨਾ ਸਮਾਗਮਾਂ ਤੇ ਪੁਜਦੇ ਰਹੇ ਅਤੇ ਕੀਰਤਨ-ਘੁੰਮਰਾਂ ਪਾਉਂਦੇ ਰਹੇ।

## ਕੈਂਬਲਪੁਰ ਸਮਾਗਮ ਤੇ ਪੰਜਾ ਸਾਹਿਬ ਦੇ ਦਰਸ਼ਨ–

ਇਕ ਹੋਰ ਫੇਰੀ ਸਮੇਂ ਮਾਨਯਵਰ ਭਾਈ ਸਾਹਿਬ ਜੀ ਦੇ ਨਾਲ ਜਦੋਂ ਜਥਾ ਰਾਵਲਪਿੰਡੀ ਪੁਜਾ ਤਾਂ ਕੈਂਬਲਪੁਰ ਦੀ ਸ੍ਰੀ ਗੁਰੂ ਸਿੰਘ ਸਭਾ ਨੇ ਸਮਾਗਮ ਲਈ ਉਚੇਚੀ ਬੇਨਤੀ ਕਰ ਭੇਜੀ। ਤਾਂ ਜਥਾ ਪਿੰਡੀ ਤੋਂ ਚਲ ਕੇ ਸ੍ਰੀ ਪੰਜਾ ਸਾਹਿਬ ਦੇ ਦਰਸ਼ਨ ਪਰਸਨ ਕਰਦਾ ਹੋਇਆ ਕੈਂਬਲਪੁਰ ਪੁਜ ਗਿਆ । ਸ੍ਰੀ ਗੁਰੂ ਸਿੰਘ ਸਭਾ ਦੇ ਗੁਰਦੁਆਰੇ ਵਿਖੇ ਸਮਾਗਮ ਹੋਇਆ। ਰਾਵਲਪਿੰਡੀ ਤੋਂ ਬੀਬੀ ਇੰਦਰ ਕੌਰ ਜੀ, ਗਿਆਨੀ ਹਰਬੰਸ ਸਿੰਘ ਜੀ ਤੇ ਹੋਰ ਕਾਫ਼ੀ ਗੁਰਮੁਖ ਪਿਆਰੇ ਸ਼ਾਮਲ ਹੋ ਗਏ ਸਨ। ਅਖੰਡਪਾਠ ਤੇ ਕੀਰਤਨ ਸਮਾਗਮ ਉਪਰੰਤ ਅੰਮ੍ਰਿਤ ਸਿੰਚਾਰ ਹੋਇਆ। ਪੰਜਾਹ ਕੁ ਅੰਮ੍ਰਿਤ ਅਭਿਲਾਖੀ ਜਹਾਜ਼ੇ ਚੜ੍ਹੇ। ਫਿਰ ਵਾਪਸ ਪਿੰਡ ਆ ਕੇ ਕਈ ਦਿਨ ਹਸਬ ਮਾਮੂਲ ਸਮਾਗਮ ਹੁੰਦੇ ਰਹੇ।


www.AKJ.Org

# ਅੰਮ੍ਰਿਤਾ ਦਾ ਸਿੱਖੀ ਤੇ ਹਮਲਾ

[ਸ: ਸੁਰਜੀਤ ਸਿੰਘ ਜੀ ਸੋਖੀ]

ਬੀਬੀ ਅੰਮ੍ਰਿਤਾ ਪ੍ਰੀਤਮ ਨੇ ਆਪਣੀ ਸਵੈ-ਜੀਵਨੀ 'ਰਸੀਦੀ ਟਿਕਟ' ਕਿਤਾਬ ਦੇ ਰੂਪ ਵਿਚ ਲਿਖੀ ਹੈ। ਬੀਬੀ ਜੀ ਨੂੰ ਸਿਗਰਟ ਜਾਂ ਵਿਸਕੀ ਪੀਣ ਦਾ ਅਧਿਕਾਰ ਹੈ ਜਾਂ ਨਹੀਂ, ਇਸ ਬਾਰੇ ਮੈਨੂੰ ਕੋਈ ਸਰੋਕਾਰ ਨਹੀਂ। ਇਹ ਉਹਨਾਂ ਦਾ ਨਿਜੀ ਮਾਮਲਾ ਹੈ, ਪਰ ਮੇਰੀ ਅਲਪ ਬੁਧੀ ਅਨੁਸਾਰ ਉਨ੍ਹਾਂ ਨੂੰ ਖ਼ਾਹਮਖ਼ਾਹ ਸਿਖੀ ਤੇ ਹਮਲਾ ਕਰਨ ਦਾ ਕੋਈ ਅਧਿਕਾਰ ਨਹੀਂ।

'ਰਸੀਦੀ ਟਿਕਟ' 'ਚ ਬੀਬੀ ਜੀ ਨੇ ਆਪਣੀ ਨਿਜੀ ਡਾਇਰੀ ਦੇ ਕੁਝ ਅੰਸ਼ ਵੀ ਛਾਪੇ ਹਨ, ਜਿਨ੍ਹਾਂ ਚੋਂ ਕੁਝ ਕੁ ਮੈਂ ਪਾਠਕਾਂ ਦੀ ਨਜ਼ਰ ਕਰ ਰਿਹਾ ਹਾਂ। ਪੰਨਾ ੧੪੩-੧੪੪ ਉਤੇ ਅੰਮ੍ਰਿਤਾ ਨੇ "ਤਲਵਾਰ ਦੀ ਛੋਹ" ਦੇ ਹੈਡਿੰਗ 'ਚ ਜੋ ਲਿਖਿਆ ਹੈ, ਪਾਠਕ ਆਪ ਪੜ੍ਹ ਲੈਣ ਤੇ ਅੰਦਾਜ਼ਾ ਲਗਾ ਲੈਣ ਕਿ ਇਹ ਸਿਖੀ ਉਤੇ ਸਿਧਾ ਹਮਲਾ ਹੈ ਕਿ ਨਹੀਂ :

"ਬਹੁਤ ਸਿਗਰਟ ਪੀਂਦੀ ਹਾਂ। ਤੇ ਕਦੇ ਕਿਸੇ ਕਿਸੇ ਦਿਨ ਮੈਨੂੰ ਵਿਸਕੀ ਵੀ ਚੰਗੀ ਲਗਦੀ ਹੈ। ਇਹਨੂੰ ਰੋਜ਼ ਵਾਂਗ ਨਹੀਂ ਪੀ ਸਕਦੀ। ਪਰ ਅਚਾਨਕ ਕਿਸੇ ਦਿਨ ਇਹਦੀ ਤਿੱਖੀ ਤਲਬ ਹੁੰਦੀ ਹੈ। ਜਾਣਦੀ ਹਾਂ-ਇਹ ਦੋਵੇਂ ਚੀਜ਼ਾਂ ਜਦੋਂ ਕਿਸੇ ਔਰਤ ਨਾਲ ਜੁੜ ਕੇ, ਇਹ ਜ਼ਿਕਰ ਬਣਦੀਆਂ ਹਨ, ਇਹ ਜ਼ਿਕਰ ਔਰਤ ਦੀ ਸ਼ਖ਼ਸੀਅਤ ਨੂੰ ਗੰਭੀਰਤਾ ਲਫ਼ਜ਼ ਨਾਲ ਨਹੀਂ ਜੋੜਦਾ। ਮੈਨੂੰ ਇਹਦੇ ਲਈ ਇਕ ਅਜੀਬ ਤੁਲਨਾ ਸਾਹਮਣੇ ਆਈ ਹੈ। ਆਖ਼ਰ ਸਿਖ ਘਰਾਣੇ ਵਿਚ ਜੰਮੀ ਹਾਂ, ਤੁਲਨਾ ਲਈ ਉਸੇ ਮਜ਼ਹਬ ਦੇ ਕਿਸੇ ਚਿੰਨ੍ਹ ਦਾ ਸਾਹਮਣੇ ਆ ਜਾਣਾ ਸੁਭਾਵਕ ਵੀ ਹੈ। ਜਾਪਦਾ ਹੈ ਜਿਵੇਂ ਮਿਠਾ ਹਲਵਾ ਬਣਾ ਕੇ ਜਦੋਂ ਗੁਰੂ ਗਰੰਥ ਦੇ ਸਾਹਮਣੇ ਰਖਿਆ ਜਾਂਦਾ ਹੈ ਤਾਂ ਹਲਵੇ ਦੀ ਪਰਾਤ ਵਿਚ ਤਲਵਾਰ ਫੇਰ ਦਿਤੀ ਜਾਂਦੀ ਹੈ, ਤਾਂ ਉਹ ਸਾਧਾਰਨ ਹਲਵੇ ਦੀ ਥਾਂ ਉਸੇ ਘੜੀ 'ਕੜਾਹ ਪ੍ਰਸ਼ਾਦ' ਬਣ ਜਾਂਦਾ ਹੈ। ਉਸੇ ਤਰ੍ਹਾਂ ਮੇਰੇ ਹੱਥ ਵਿਚ ਫੜਿਆ ਸਧਾਰਨ ਸਿਗਰਟ ਜਾਂ ਵਿਸਕੀ ਦਾ ਗਲਾਸ, ਜਦੋਂ ਮੇਰੇ ਮੱਥੇ ਦੀਆਂ ਸੋਚਾਂ ਨੂੰ ਛੋਹ ਲੈਂਦਾ ਹੈ, ਉਹ ਕੁਛ ਹੋਰ ਹੋ ਜਾਂਦਾ ਹੈ—ਪਾਕੀਜ਼ਗੀ ਵਰਗਾ-ਅਹਿਸਾਸਾਂ ਦੀ ਤੀਖ਼ਣਤਾ ਅਤੇ ਵਿਸ਼ਾਲਤਾ ਉਹਦੇ ਚੋਂ ਤਲਵਾਰ ਵਾਂਗੂ ਲੰਘ ਜਾਂਦੀ ਹੈ ਤਾ ਉਹ ਸਾਧਾਰਨ ਹਲਵੇ ਦੀ ਥਾਂ ਉਸੇ ਘੜੀ ਪ੍ਰਸ਼ਾਦ ਬਣ ਜਾਂਦਾ ਹੈ।"

ਹੁਣ ਪਾਠਕ ਆਪ ਹੀ ਦਸਣ ਕਿ ਸਿਖੀ ਦਾ ਇਸ ਤੋਂ ਵਧ ਹੋਰ ਅਪਮਾਨ ਕੀ ਹੋ ਸਕਦਾ ਹੈ? ਸਿਖਾਂ ਦੇ ਧਾਰਮਿਕ ਗਰੰਥ, ਜਿਸ ਨੂੰ ਅਸੀਂ ਜਾਗਦੀ ਜੋਤ-ਸ਼ਬਦ ਜੋਤ ਦੇ ਨਾਮ ਨਾਲ ਪੁਕਾਰਦੇ ਹਾਂ ਤੇ ਜਿਸ 'ਚ ਸਿਖ ਗੁਰੂ ਸਾਹਿਬਾਨ ਤੋਂ ਬਿਨਾਂ ਫਰੀਦ, ਕਬੀਰ, ਰਵਿਦਾਸ, ਤ੍ਰਿਲੋਚਨ ਵਰਗੇ ਭਗਤਾਂ ਦੀ ਬਾਣੀ ਵੀ ਸ਼ਾਮਿਲ ਹੈ, ਨੂੰ ਅਤੇ ਕੜਾਹ ਪ੍ਰਸ਼ਾਦ ਨੂੰ ਸਿਗਰਟ ਦੇ ਬਰਾਬਰ ਦੀ ਪੱਧਰ ਤੇ ਰਖਣਾ ਸਿਖਾਂ ਦੇ ਜ਼ਖ਼ਮਾਂ ਤੇ ਲੂਣ ਛਿੜਕਣ ਦੇ ਬਰਾਬਰ ਨਹੀਂ ਤਾਂ ਹੋਰ ਕੀ ਹੈ? ਨਕਲੀ ਨਿਰੰਕਾਰੀਆਂ ਨਾਲ ਸਿਖਾਂ ਦਾ ਝਗੜਾ ਵੀ ਇਸ ਗੱਲ ਤੋਂ ਸ਼ੁਰੂ ਹੋਇਆ ਸੀ ਕਿ ਉਹ ਸ੍ਰੀ ਗੁਰੂ ਗਰੰਥ ਸਾਹਿਬ ਮਹਾਰਾਜ ਦਾ ਪਰਕਾਸ਼ ਕਰਕੇ ਉਨ੍ਹਾਂ ਦੀ ਪਵਿਤਰ ਹਾਜ਼ਰੀ 'ਚ ਊਲ ਜਲੂਲ ਬੋਲਦੇ ਹਨ, ਦੇਹਧਾਰੀ ਗੁਰੂ ਦਾ ਪ੍ਰਚਾਰ ਕਰਦੇ ਹਨ ਅਤੇ ਆਪਣੇ ਸਿਰ ਤੇ ਚੌਰ ਕਰਵਾਉਂਦੇ ਹਨ। ਬੀਬੀ ਅੰਮ੍ਰਿਤਾ ਪ੍ਰੀਤਮ ਦੀ ਕਿਸੇ ਨਜ਼ਮ, ਕਹਾਣੀ ਜਾਂ ਨਾਵਲ ਨੂੰ ਮੈਂ ਸਲਾਹ ਸਕਦਾ ਹਾਂ ਅਤੇ ਇਕ ਸਾਹਿਤਕਾਰ ਹੋਣ ਦੇ ਨਾਤੇ ਉਨ੍ਹਾਂ ਨੂੰ ਆਪਣੀ ਕੋਈ ਕਿਤਾਬ ਵੀ ਸਮਰਪਨ ਕਰ ਸਕਦਾ ਹਾਂ, ਪਰ ਦਸ ਗੁਰੂ ਸਾਹਿਬਾਨ ਦੇ ਆਤਮਿਕ ਸਰੂਪ ਅਤੇ ਸਾਡੇ ਧਾਰਮਿਕ ਚਿੰਨ੍ਹ ਤਲਵਾਰ ਤੇ ਕੜਾਹ ਪ੍ਰਸ਼ਾਦ ਦਾ ਸ਼ਰੇ-ਆਮ ਮਜ਼ਾਕ ਉਡਾਏ ਜਾਣ ਤੇ ਕਿੰਜ ਚੁਪ ਰਹਿ ਸਕਦਾ ਹਾਂ।

(ਬਾਕੀ ਦੇਖੋ ਸਫ਼ਾ ੨੯ ਦੇ ਹੇਠ)



www.AKJ.Org

# ਪੰਥਕ ਖਬਰਾਂ—ਅਖ਼ਬਾਰਾਂ ਦੀ ਜ਼ਬਾਨੀ

**ਅੰਮ੍ਰਿਤਧਾਰੀ ਡੀ. ਐਸ. ਪੀ. ਦੀ ਛਾਂਟੀ—ਅਕਾਲੀ ਪੱਤ੍ਰਕਾ, ੧ ਅਕਤੂਬਰ ੯੨**

ਚੰਡੀਗੜ੍ਹ ੩੦ ਸਤੰਬਰ (ਸਟਾਫ਼ ਰੀਪੋਰਟਰ) ਪੰਜਾਬ ਪੁਲਿਸ ਦੀ ਕੀਤੀ ਗਈ ਸਕਰੀਨਿੰਗ ਦੇ ਅਨੁਸਾਰ ਡੀ. ਐਸ. ਪੀ. ਚਰਨ ਸਿੰਘ ਨੂੰ ਰੀਟਾਇਰ ਕਰ ਦਿਤਾ ਗਿਆ ਹੈ। ਦਸਿਆ ਗਿਆ ਹੈ ਕਿ ਇਸ ਨੂੰ ਸ: ਊਧਮ ਸਿੰਘ ਨਾਗੋਕੇ ਨੇ ਆਪਣਾ ਮੁਤਬੰਨਾ ਪੁਤਰ ਬਣਾਇਆ ਸੀ ਤੇ ਇਸ ਤੇ ਦੋਸ਼ ਇਹ ਹੈ ਕਿ ਅੰਮ੍ਰਿਤਧਾਰੀ ਹੈ। ਡੀ. ਐਸ. ਪੀ. ਰੈਂਕ ਦੇ ਦੋ ਹੋਰ ਅਧਿਕਾਰੀਆਂ ਨੂੰ ਵੀ ਅੰਮ੍ਰਿਤਧਾਰੀ ਹੋਣ ਕਾਰਨ ਨੋਟਿਸ ਜਾਰੀ ਕਰ ਦਿਤੇ ਗਏ ਹਨ।

**ਗੁਰਦਵਾਰਾ ਸਾਹਿਬ ਦੀ ਜ਼ਬਤੀ—ਖਾਲਸਾ ਸਮਾਚਾਰ, ਅੰਮ੍ਰਿਤਸਰ, ੭ ਅਕਤੂਬਰ ੯੨**

ਪਤਾ ਲਗਾ ਹੈ ਕਿ ਐਸ. ਡੀ, ਐਮ. ਮਸੂਰੀ ਨੇ ਗੁਰੂ ਨਾਨਕ ਸਕੂਲ ਦੇ ਗੁਰਦੁਆਰਾ ਸਾਹਿਬ ਨੂੰ ਜ਼ਬਤ ਕਰਨ ਦੇ ਹੁਕਮ ਦੇ ਦਿਤੇ ਹਨ। ਗੁਰੂ ਨਾਨਕ ਸਕੂਲ ਦੇ ਗੁਰਦਵਾਰੇ ਬਾਰੇ ਕਾਫ਼ੀ ਸਮੇਂ ਤੋਂ ਹਿਰਦੇ ਵੇਧਕ ਖ਼ਬਰਾਂ ਪਹੁੰਚ ਰਹੀਆਂ ਸਨ। ਕੁਝ ਸਮਾਂ ਪਹਿਲਾਂ ਗੁਰਦਵਾਰਾ ਸਾਹਿਬ ਦੀ ਇਮਾਰਤ ਤੇ ਸ਼ਰਾਰਤੀ ਅਨਸਰ ਵਲੋਂ ਪਥਰਾਓ ਵੀ ਕੀਤਾ ਗਿਆ ਸੀ। ਸਕੂਲ ਦੇ ਪ੍ਰਿੰਸੀਪਲ ਸਾਹਿਬ ਨੇ ਸ਼ਰੋਮਣੀ ਗੁ: ਪ੍ਰ: ਕਮੇਟੀ, ਪੰਜਾਬ ਤੇ ਕੇਂਦਰ ਸਰਕਾਰ ਨੂੰ ਇਸ ਬਾਰੇ ਪਹਿਲਾਂ ਹੀ ਸੂਚਿਤ ਕਰ ਦਿਤਾ ਸੀ। ਪਰ ਐਸ. ਡੀ. ਐਮ. ਮਸੂਰੀ ਦਵਾਰਾ ਗੁਰਦੁਆਰਾ ਸਾਹਿਬ ਨੂੰ ਜ਼ਬਤ ਕਰਨਾ ਨਿਰਸੰਦੇਹ ਔਰੰਗਜ਼ੇਬੀ ਫ਼ੁਰਮਾਨ ਹੈ। ਚਾਹੀਦਾ ਤਾਂ ਇਹ ਹੈ ਕਿ ਗੁਰਦਵਾਰੇ ਸੰਬੰਧੀ ਜੋ ਵੀ ਵਿਵਾਦ ਸੀ, ਉਸਨੂੰ ਇਕ ਥਾਂ ਬੈਠ ਕੇ ਨਿਪਟ ਲਿਆ ਜਾਂਦਾ। ਇਸ ਤਰ੍ਹਾਂ ਗੁਰਦਵਾਰਾ ਬੰਦ ਹੋਣ ਨਾਲ ਸਿਖਾਂ ਦੀਆਂ ਧਾਰਮਕ ਭਾਵਨਾਵਾਂ ਨੂੰ ਭਾਰੀ ਠੇਸ ਪੁਜੀ ਹੈ। ਗੁਰੂ ਨਾਨਕ ਸਕੂਲ ਦੇ ਬੱਚੇ ਤੇ ਅਧਿਆਪਕ ਹਰ ਰੋਜ਼ ਗੁਰਦਵਾਰਾ ਸਾਹਿਬ ਪਹੁੰਚ ਕੇ ਪਹਿਲਾਂ ਗੁਰੂ ਮਹਾਰਾਜ ਦੇ ਦਰਸ਼ਨ ਕਰ ਕੇ ਤੇ ਆਪਣੀ ਸ਼ਰਧਾ ਅਰਪਿਤ ਕਰ ਕੇ ਸਕੂਲ ਦੀ ਪੜ੍ਹਾਈ ਆਰੰਭ ਕਰਦੇ ਸਨ। ਹੁਣ ਉਹ ਗੁਰੂ ਮਹਾਰਾਜ ਦੇ ਦਰਸ਼ਨਾਂ ਤੋਂ ਵਚਿੰਤ ਹੋ ਗਏ ਹਨ। ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਐਸ. ਡੀ. ਐਮ ਮਸੂਰੀ ਵਲੋਂ ਰੈਲਿਕ ਅਸਟੇਟ ਮਸੂਰੀ ਵਿਖੇ ਗੁਰੂ ਨਾਨਕ ਸਕੂਲ ਦੇ ਗੁਰਦਵਾਰਾ ਸਾਹਿਬ ਨੂੰ ਜ਼ਬਤ ਕਰਨ ਦੇ ਹੁਕਮ ਤੇ ਬੜਾ ਰੋਸ ਪ੍ਰਗਟ ਕੀਤਾ ਹੈ। ਮੁਖ ਮੰਤ੍ਰੀ ਉਤਰ ਪ੍ਰਦੇਸ਼ ਤੇ ਡਿਪਟੀ ਕਮਿਸ਼ਨਰ ਡੇਹਰਾਦੂਨ ਤੇ ਐਸ. ਐਸ. ਪੀ. ਨੂੰ ਦਿਤੀਆਂ ਤਾਰਾਂ ਵਿਚ ਸ਼ਰੋਮਣੀ ਗੁ: ਪ੍ਰ: ਕਮੇਟੀ ਦੇ ਸਕੱਤ੍ਰ ਸ: ਭ ਨ ਸਿੰਘ ਨੇ ਇਸ ਕਦਮ ਨੂੰ ਸਿਖਾਂ ਦੇ ਧਾਰਮਕ

---

(ਸਫਾ ੨੮ ਦੀ ਬਾਕੀ)

ਬੀਬੀ ਅੰਮ੍ਰਿਤਾ 'ਰਸੀਦੀ ਟਿਕਟ' ਵਿਚ ਲਿਖਦੀ ਹੈ ਕਿ ਉਹ ਬਚਪਨ ਵਿਚ ਅਰਦਾਸ ਸੁਣਦੀ ਵੀ ਸੀ ਅਤੇ ਕਈ ਵੇਰਾਂ ਆਪ ਕਰਦੀ ਵੀ ਸੀ। ਫਿਰ ਪਤਾ ਨਹੀਂ ਲਗਦਾ, ਉਹ ਉਪਰੋਕਤ ਸਤਰਾਂ ਲਿਖਣ ਲਗੀ ਜਾਣ ਬੁਝ ਕੇ ਅਨਭੋਲ ਬਣੀ ਹੈ ਜਾਂ ਵਿਸਕੀ ਤੇ ਸਿਗਰਟ ਦੀ ਤਲਬ ਨੇ ਉਸ ਨੂੰ ਇਹ ਭੁਲਾ ਹੀ ਦਿਤਾ ਹੈ ਕਿ ਤਲਵਾਰ ਫੇਰਨ ਵੇਲੇ ਅਰਦਾਸੀਆ ਇਹ ਕਹਿੰਦਾ ਹੈ, 'ਹੇ ਸਤਿਗੁਰੂ! ਸੀਤ ਪਰਸ਼ਾਦ ਆਪ ਦੇ ਰਸਨਾ ਲਾਇਕ ਹੋਵੇ। ਹੁਣ ਜੇਕਰ ਬੀਬੀ ਆਪਣੇ ਆਪ ਨੂੰ ਦੋ ਜਹਾਨਾਂ ਦੇ ਮਾਲਕ ਸਤਿਗੁਰੂ ਗਰੀਬ ਨਿਵਾਜ ਦੇ ਸਮਾਨ ਸਮਝਦੀ ਹੋਵੇ ਤਾਂ ਮੈਂ ਜ਼ੋਰਦਾਰ ਪ੍ਰੋਟੈਸਟ ਕਰਨ ਤੋਂ ਆਪਣੇ ਆਪ ਨੂੰ ਕਿੰਜ ਰੋਕ ਸਕਦਾ ਹਾਂ ਤੇ ਇਹ ਕਹਿਣੋਂ ਕਿੰਜ ਰਹਿ ਸਕਦਾ ਹਾਂ : ਕਿਥੇ ਰਾਮ-ਰਾਮ ਕਿਥੇ ਟੈਂ ਟੈਂ।.........

ਇਕ ਗੱਲ ਮੈਂ ਕੇਂਦਰ ਤੇ ਪੰਜਾਬ ਦੀਆਂ ਸਰਕਾਰਾਂ ਤੋਂ ਜ਼ਰੂਰ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਸਿੱਖੀ ਤੇ ਇਸ ਤਰ੍ਹਾਂ ਦੇ ਹੋ ਰਹੇ ਹਮਲਿਆਂ ਤੇ ਚੁੱਪ ਸਾਧ ਕੇ 'ਤਮਾਸ਼ਬੀਨਾਂ' ਵਾਂਗ ਵੇਖਦੀਆਂ ਰਹਿਣੀਆਂ।

ਰੋਜ਼ਾਨਾ ਅਜੀਤ ੧੫-੯੨-੯੨



www.AKJ.Org

ਮਾਮਲਿਆਂ ਵਿਚ ਸਿੱਧਾ ਦਖ਼ਲ ਦਸਦਿਆਂ ਉਨ੍ਹਾਂ ਨੂੰ ਤੁਰੰਤ ਦਖ਼ਲ ਦੇ ਕੇ ਹਾਲਾਤ ਨੂੰ ਵਿਗੜਨ ਤੋਂ ਬਚਾਉਣ ਲਈ ਕਿਹਾ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਮਾਮਲੇ ਵਿਚ ਦਖ਼ਲ-ਅੰਦਾਜ਼ੀ ਕਰ ਕੇ, ਜ਼ਬਤ ਹੋਏ ਗੁਰਦਵਾਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਦਾ ਜਤਨ ਕਰੇ।

**ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਤੇ ਕਰੜੀ ਨੁਕਤਾਚੀਨੀ**

**ਦੀ. ਟ੍ਰਿਬਿਊਨ (ਅੰਗ੍ਰੇਜ਼ੀ) ੯ ਅਕਤੂਬਰ, ੧੯੮੨ (ਸਾਡੇ ਕਾਨੂੰਨੀ ਪੱਤਰ-ਪ੍ਰੇਰਕ ਦੁਆਰਾ)**

ਚੰਡੀਗੜ੍ਹ ੮ ਅਕਤੂਬਰ–ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਡੀ. ਐਸ. ਟਿਵਾਟੀਆ ਨੇ ਅਕਾਲੀ ਅੰਦੋਲਨ ਪ੍ਰਤਿ ਪੰਜਾਬ ਸਰਕਾਰ ਵੱਲੋਂ ਦੂਰ-ਅੰਦੇਸ਼ ਸੋਚਣੀ ਨਾ ਅਖ਼ਤਿਆਰ ਕਰਨ ਤੇ ਕਰੜੀ ਆਲੋਚਨਾ ਕੀਤੀ ਅਤੇ ਉਨ੍ਹਾਂ ਕਿਹਾ ਕਿ ਸਰਕਾਰ ਜੇਲ੍ਹਾਂ ਵਿਚਲੇ ਕੈਦੀਆਂ ਲਈ ਲੋੜੀਂਦੇ ਪ੍ਰਬੰਧ ਨਹੀਂ ਕਰ ਰਹੀ।

ਮਾਨਯੋਗ ਜੱਜ ਨੇ ਸੰਗਰੂਰ ਅਤੇ ਫ਼ਿਰੋਜ਼ਪੁਰ ਦੇ ਸੈਸ਼ਨ ਜੱਜਾਂ ਨੂੰ ੧੯ ਅਕਤੂਬਰ ਨੂੰ ਆਪਣੇ ਅਧਿਕਾਰ-ਖੇਤਰ ਦੀਆਂ ਜੇਲ੍ਹਾਂ ਦਾ ਮੁਆਇਨਾ ਕਰਨ ਦਾ ਆਦੇਸ਼ ਦਿੱਤਾ ਤੇ ੨੦ ਅਕਤੂਬਰ ਤੱਕ ਆਪਣੀ ਰਿਪੋਰਟ ਕਰਨ ਲਈ ਕਿਹਾ। ਕੇਸ ਦੀ ਸੁਣਵਾਈ ੨੧ ਅਕਤੂਬਰ ਤਕ ਮੁਲਤਵੀ ਕਰ ਦਿੱਤੀ ਗਈ।

ਜ਼ੀਰਕਪੁਰ ਦੇ ਜਥੇਦਾਰ ਸ: ਹਰਚੰਦ ਸਿੰਘ ਵੱਲੋਂ ਫ਼ਾਈਲ ਕੀਤੀ ਗਈ ਰਿਟ-ਪਟੀਸ਼ਨ ਵਿੱਚ ਇਨ੍ਹਾਂ ਦੋਹਾਂ ਜੇਲ੍ਹਾਂ ਦੀ ਸਥਿਤੀ ਵਿੱਚ ਸੁਧਾਰ ਲਿਆਉਣ ਲਈ ਬੇਨਤੀ ਕੀਤੀ ਗਈ ਸੀ।

ਪਹਿਲਾਂ ਵੀ ਮਾਨਯੋਗ ਜੱਜ ਨੇ ਦੋ ਸੈਸ਼ਨ ਜੱਜਾਂ ਨੂੰ ਜੇਲ੍ਹਾਂ ਦੇ ਮੁਆਇਨੇ ਕਰਨ ਤੇ ਉਨ੍ਹਾਂ ਦੇ ਰਿਹਾਇਸ਼ੀ ਪ੍ਰਬੰਧ ਬਾਰੇ ਰਿਪੋਰਟ ਕਰਨ ਲਈ ਆਦੇਸ਼ ਦਿੱਤੇ ਸਨ। ਉਨ੍ਹਾਂ ਨੇ ਜੇਲ੍ਹਾਂ ਦਾ ਮੁਆਇਨਾ ਕੀਤਾ ਸੀ ਅਤੇ ਆਪਣੀ ਰਿਪੋਰਟ ਪੇਸ਼ ਕਰ ਦਿੱਤੀ ਸੀ।

ਮਾਨਯੋਗ ਜੱਜ ਨੇ ਦੋਹਾਂ ਧਿਰਾਂ ਨੂੰ ਸੁਣਨ ਤੋਂ ਬਾਅਦ ਕਿਹਾ ਕਿ ਸੈਸ਼ਨ ਜੱਜਾਂ ਦੀ ਰਿਪੋਰਟ ਦਾ ਤੱਤ-ਸਾਰ ਇਹ ਹੈ ਕਿ **ਜੇਲ੍ਹਾਂ ਖਚਾ-ਖਚ ਭਰੀਆਂ ਪਈਆਂ ਹਨ ਤੇ** ਇਨ੍ਹਾਂ ਵਿੱਚ ਜੇਲ੍ਹਾਂ ਦੀ ਵੱਧ ਤੋਂ ਵੱਧ ਸਮਰੱਥਾ ਤੋਂ ਤਿੰਨ ਗੁਣਾ ਤੋਂ ਵੀ ਵਧੇਰੇ ਕੈਦੀ ਹਨ।

ਮਾਨਯੋਗ ਜੱਜ ਨੇ ਕਿਹਾ ਕਿ ਜੇਲ੍ਹਾਂ ਵਿੱਚ **ਸਫ਼ਾਈ ਦਾ ਕੋਈ ਯੋਗ ਪ੍ਰਬੰਧ ਨਹੀਂ** ਅਤੇ ਕੈਦੀਆਂ ਨੂੰ ਸਪਲਾਈ ਕੀਤਾ ਜਾਣ ਵਾਲਾ **ਰਾਸ਼ਨ ਵੀ ਠੀਕ ਨਹੀਂ**।

ਮਾਨਯੋਗ ਜੱਜ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਵੱਲੋਂ 'ਸ਼ੁੱਭ-ਇਛਾ' ਤਾਂ ਪ੍ਰਗਟ ਕੀਤੀ ਗਈ ਕਿ ਸਥਿਤੀ ਵਿੱਚ ਸੁਧਾਰ ਆ ਜਾਵੇਗਾ, ਪਰੰਤੂ ਅਸਲੀਅਤ ਇਹ ਹੈ ਕਿ **ਕੈਦੀਆਂ ਨਾਲ ਜਾਨਵਰਾਂ ਵਾਲਾ ਵਿਹਾਰ ਕੀਤਾ ਜਾ ਰਿਹਾ ਹੈ।**

ਮਾਨਯੋਗ ਜੱਜ ਅਨੁਸਾਰ **ਪਾਣੀ ਅਤੇ ਟੱਟੀਆਂ ਦਾ ਯੋਗ ਪ੍ਰਬੰਧ ਤਾਂ** ਬਹੁਤ ਹੀ ਥੋੜ੍ਹੇ ਸਮੇਂ ਵਿੱਚ ਕੀਤਾ ਜਾ ਸਕਦਾ ਸੀ।

**'ਪਿੰਗਲਾ-ਘਰ' ਜੇਲ੍ਹ ਕਰਾਰ–**

ਦੀ ਟ੍ਰਿਬਿਊਨ (ਅੰਗ੍ਰੇਜ਼ੀ), ੯ ਅਕਤੂਬਰ ੧੯੮੨ (ਟ੍ਰਿਬਿਊਨ ਬਿਓਰੋ ਰਾਹੀਂ)

ਚੰਡੀਗੜ੍ਹ, ੮ ਅਕਤੂਬਰ–ਅਕਾਲੀ ਸਤਿਆਗ੍ਰਹੀਆਂ ਨੂੰ ਥਾਂ ਦੇਣ ਲਈ ਕਪੂਰਥਲੇ ਦਾ ਇਕ ਪਿੰਗਲਾ-ਘਰ (Beggars Home) ਕੈਂਪ-ਜੇਲ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਇਸ ਕੈਂਪ-ਜੇਲ੍ਹ ਵਿੱਚ ਉਨ੍ਹਾਂ ੩੦੦ ਵਰਕਰਾਂ ਨੂੰ ਥਾਂ ਦਿੱਤੀ ਜਾ ਸਕੇਗੀ, ਜੋ ਕਿ ਕਪੂਰਥਲਾ ਜੇਲ੍ਹ ਵਿੱਚ ਥਾਂ ਦੀ ਘਾਟ ਕਾਰਨ ਜੇਲ੍ਹ ਦੇ ਬਾਹਰ ਬੈਠੇ ਹੋਏ ਹਨ।

ਰਾਜ ਸਰਕਾਰ ਬੱਚਿਆਂ ਤੇ ਬੁੱਢਿਆਂ ਨੂੰ ਰਿਹਾ ਕਰ ਕੇ ਹੋਰ ਵਰਕਰਾਂ ਲਈ ਜੇਲ੍ਹਾਂ ਵਿੱਚ ਥਾਂ ਬਣਾਉਣ



www.AKJ.Org

ਬਾਰੇ ਵੀ ਸੋਚ ਰਹੀ ਹੈ। ...... ਪੰਜਾਬ ਸਰਕਾਰ ਵੱਲੋਂ ਗਰਾਮ ਸੇਵਕ ਟ੍ਰੇਨਿੰਗ ਸੈਂਟਰ, ਬਟਾਲਾ ਨੂੰ ਵੀ ਜੇਲ੍ਹ ਕਰਾਰ ਦਿੱਤੇ ਜਾਣ ਦੀ ਸੰਭਾਵਨਾ ਹੈ।

**ਦਿਲੀ, 11 ਅਕਤੂਬਰ 1982–ਪਾਰਲੀਮੈਂਟ ਹਾਊਸ ਵਿਚ ਮੈਮੋਰੈਂਡਮ ਦੇਣ ਗਏ ਪੁਰ-ਅਮਨ ਸਿੰਘਾਂ ਦੇ ਜਲੂਸ ਉਤੇ ਪੁਲਿਸ ਵਲੋਂ ਫ਼ਾਇਰਿੰਗ----**

## ਸਰਕਾਰ ਸਿੱਖ ਮੰਗਾਂ ਸਿਧੀ ਤਰ੍ਹਾਂ ਨਹੀਂ ਮੰਨਦੀ

### ਕੇਂਦਰੀ ਗ੍ਰਹਿ ਵਿਭਾਗ ਦੀ ਮੀਟਿੰਗ ਵਿਚ ਡਾਕਟਰ ਰਾਜਿੰਦਰ ਕੌਰ ਦੀ ਤਕਰੀਰ

### ਸਰਕਾਰ ਸਿੱਖਾਂ ਨਾਲ ਕੀਤੇ ਵਾਅਦੇ ਪੂਰੇ ਕਰ ਕੇ ਉਨ੍ਹਾਂ ਨੂੰ ਸੰਤੁਸ਼ਟ ਕਰੇ

ਪਿਛਲੇ ਦਿਨੀਂ ਗ੍ਰਹਿ ਮੰਤਰਾਲੇ ਦੀ ਸਲਾਹਕਾਰ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿਚ ਇਸਤ੍ਰੀ ਅਕਾਲੀ ਦਲ ਦੇ ਪ੍ਰਧਾਨ ਡਾਕਟਰ ਰਾਜਿੰਦਰ ਕੌਰ ਨੇ ਪੰਜਾਬ ਦਾ ਕੇਸ ਇਸ ਤਰ੍ਹਾਂ ਪੇਸ਼ ਕੀਤਾ :–

ਕਿਹਾ ਜਾਂਦਾ ਹੈ ਕਿ ਸ਼ਰੋਮਣੀ ਅਕਾਲੀ ਦਲ, ਜੋ ਸਿਖਾਂ ਦੀ ਮੁਖ ਜਥੇਬੰਦੀ ਹੈ, ਉਹ ਉਹਨਾਂ ਲੋਕਾਂ ਦੀ ਨਿੰਦਾ ਨਹੀਂ ਕਰਦੀ ਜਿਹਨਾਂ ਨੂੰ ਅਤਿਵਾਦੀ ਕਰਾਰ ਦਿਤਾ ਜਾ ਰਿਹਾ ਹੈ। ਲੀਡਰਾਂ ਨੂੰ ਅਵਾਮ ਦੇ ਨਾਲ ਹੀ ਚਲਣਾ ਹੁੰਦਾ ਹੈ, ਤੇ ਕੋਈ ਲੀਡਰ ਅਵਾਮ ਤੋਂ ਬਾਹਰ ਨਹੀਂ ਜਾ ਸਕਦਾ। ਸਰਕਾਰ ਦੀ ਨੀਤੀ ਦੇ ਕਾਰਨ ਹੀ ਸਿਖ ਅਵਾਮ ਵਿਚ ਅਤਿਵਾਦੀਆਂ ਲਈ ਨਰਮ ਗੋਸ਼ਾ ਬਣ ਜਾਂਦਾ ਹੈ ਕਿਉਂਕਿ ਸਰਕਾਰ ਨੇ ਸਿਖਾਂ ਦੀ ਕੋਈ ਵੀ ਮੰਗ ਸਿਧੀ ਤਰ੍ਹਾਂ ਨਹੀਂ ਮੰਨੀ। ਅਤਵਾਦੀਆਂ ਨੂੰ ਮੁਠੀ ਭਰ ਗੁਮਰਾਹ ਨੌਜਵਾਨ ਗਿਣਿਆ ਜਾਂਦਾ ਹੈ। ਉਹ ਸਮਝਦੇ ਹਨ ਕਿ ਪੰਜਾਬ ਨੂੰ ਕਿਸ ਤਰ੍ਹਾਂ ਆਰਥਿਕ ਤੌਰ ਤੇ ਪਿਛੇ ਰਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹੋਰ ਤੇ ਹੋਰ, ਆਜ਼ਾਦੀ ਤੋਂ ਬਾਅਦ ਪੰਜਾਬ ਦੇ ਦਰਿਆਵਾਂ ਦਾ ਜੋ ਪਾਣੀ ਵਰਤੋਂ ਵਿਚ ਲਿਆਂਦਾ ਗਿਆ ਹੈ, ਉਸ ਦਾ ਕੇਵਲ 24% ਪੰਜਾਬ ਨੂੰ ਦਿਤਾ ਜਾ ਰਿਹਾ ਹੈ ਤੇ 76% ਬਾਹਰਲੇ ਸੂਬਿਆਂ ਨੂੰ ਦਿਤਾ ਜਾ ਰਿਹਾ ਹੈ। ਸਰਦਾਰ ਲਹਿਣਾ ਸਿੰਘ ਤੁੜ ਇਸ ਬਾਰੇ ਵੇਰਵੇ ਸਹਿਤ ਦਸ ਚੁਕੇ ਹਨ। ਆਖ਼ਰਕਾਰ ਲੋਕ ਇਹੋ ਜਿਹੇ ਧਕੇ ਕਿੰਨੀ ਦੇਰ ਤਕ ਬਰਦਾਸ਼ਤ ਕਰਨਗੇ।–ਸਰਕਾਰ ਹਰ ਤਰ੍ਹਾਂ ਨਾਲ ਗੁਰਦੁਆਰਾ ਪ੍ਰਬੰਧ ਉਤੇ ਕਾਬਜ਼ ਹੋਣ ਦੀ ਕੋਸ਼ਿਸ਼ ਕਰਦੀ ਹੈ।...ਅੰਗਰੇਜ਼ ਸਰਕਾਰ ਨਾਲ ਵੀ ਸਿਖਾਂ ਦੀ ਲੜਾਈ ਗੁਰਦੁਆਰਾ ਪ੍ਰਬੰਧ ਤੋਂ ਸ਼ੁਰੂ ਹੋਈ ਤੇ ਕਾਂਗਰਸ ਸਰਕਾਰ ਨੇ ਵੀ ਜਦੋਂ ਗੁਰਦੁਆਰਾ ਪ੍ਰਬੰਧ ਵਿਚ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ, ਇਸ ਨੂੰ ਮੂੰਹ ਦੀ ਖਾਣੀ ਪਈ, ਪਰ ਇਹ ਟਲਦੀ ਨਹੀਂ ਤੇ ਖਾਹ ਮਖਾਹ ਸਿਖਾਂ ਨੂੰ ਭੜਕਾਂਦੀ ਹੈ।

ਜੇਕਰ ਹਿੰਦੁਸਤਾਨ ਦੇ ਵਿਧਾਨ ਵਿਚ ਕਸ਼ਮੀਰ ਨੂੰ ਖਾਸ ਅਸਥਾਨ ਦਿਤਾ ਜਾ ਸਕਦਾ ਹੈ ਤਾਂ ਪੰਜਾਬ ਨੂੰ ਕਿਉਂ ਨਹੀਂ ਦਿਤਾ ਜਾ ਸਕਦਾ। ਜੇ ਕਸ਼ਮੀਰ ਦਾ ਇਤਿਹਾਸ ਵਖਰਾ ਹੈ ਤਾਂ ਪੰਜਾਬ ਦਾ ਵੀ ਵਖਰਾ ਹੈ। ਆਜ਼ਾਦੀ ਦੀ ਲੜਾਈ ਵੇਲੇ ਕਾਂਗਰਸ ਨੇ ਘੜੀ ਮੁੜੀ ਸਿਖਾਂ ਨੂੰ ਯਕੀਨ ਦੁਆਇਆ ਸੀ ਕਿ ਅਜ਼ਾਦ ਹਿੰਦੁਸਤਾਨ ਵਿਚ ਸਿਖਾਂ ਲਈ ਵੀ ਇਕ ਅਜਿਹਾ ਅਸਥਾਨ ਹੋਵੇਗਾ, ਜਿਥੇ ਉਹ ਆਜ਼ਾਦੀ ਦੇ ਨਾਲ ਸਾਹ ਲੈ ਸਕਣਗੇ। ਇਹੋ ਜਿਹੇ ਸਥਾਨ ਨੂੰ ਘੜਨਾ ਹੀ ਅਨੰਦਪੁਰ ਦਾ ਮਤਾ ਹੈ ਅਤੇ ਇਸ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਕਿਸੇ ਬੇਗੁਨਾਹ ਨੂੰ ਮਾਰਨਾ ਗਲਤ ਗੱਲ ਹੈ। ਪਰ ਫਰਜ਼ੀ ਪੁਲੀਸ ਮੁਕਾਬਲਿਆਂ ਵਿਚ ਕਿਤਨੇ ਹੀ ਬੇਗੁਨਾਹ ਸਿੱਖ ਪੁਲਸ ਨੇ ਮਾਰ ਸੁਟੇ ਹਨ। ਮੈਨੂੰ ਅਫਸੋਸ ਹੈ ਕਿ ਪੁਲੀਸ ਦੀ ਇਸ ਤਾਨਾਸ਼ਾਹੀ ਬਾਰੇ ਕਿਸੇ ਮੈਂਬਰ ਨੇ ਇਕ ਲਫਜ਼ ਤਕ ਨਹੀਂ ਕਿਹਾ। ਇਕ ਆਦਮੀ ਦਾ ਮੈਨੂੰ ਪਤਾ ਹੈ ਜਿਸ ਦਾ ਮੀਟਿੰਗ ਵਿਚ ਨਾਂ ਲਿਆ ਗਿਆ ਸੀ। ਜਿਸ ਬਾਰੇ ਅੰਮ੍ਰਿਤਸਰ ਐਸ. ਐਸ. ਪੀ. ਤੇ ਡੀ. ਸੀ. ਜੋ ਤਫਤੀਸ਼ ਕਰ ਰਹੇ ਸਨ, ਉਹਨਾਂ ਨੇ ਵੀ ਮੈਨੂੰ ਕਿਹਾ ਕਿ ਇਹ ਆਦਮੀ ਬੇਕਸੂਰ ਹੈ, ਇਸ ਨੂੰ ਛੱਡ ਦਿਤਾ ਜਾਵੇਗਾ, ਪਰ ਪੁਲੀਸ ਨੇ ਉਸ ਨੂੰ ਵੀ ਕੁਟਿਆ। ਉਸਦਾ ਕਸੂਰ ਸਿਰਫ ਇਹ ਸੀ ਕਿ ਉਸ ਨੇ ਸਿਰਫ ਨਿਹੰਗ ਬਾਣਾ ਪਾਇਆ ਹੋਇਆ ਸੀ।

ਜਿਥੋਂ ਤਕ ਹਿੰਦੂ-ਸਿੱਖ ਤਨਾਅ ਦੀ ਗੱਲ ਹੈ, ਉਹ ਹਾਲੀ ਤਕ ਤੇ ਕੋਈ ਨਹੀਂ, ਕੱਲ ਬਾਰੇ ਕੁਝ ਨਹੀਂ



www.AKJ.Org

ਕਿਹਾ ਜਾ ਸਕਦਾ। ਪਿਛਲੇ ਝਗੜਿਆਂ ਵਿਚ ਪਹਿਲੀ ਵਾਰ ਹਿੰਦੂ ਇਲਾਕਿਆਂ ਵਿਚ ਪਟਿਆਲਾ ਅੰਮ੍ਰਿਤਸਰ ਤੇ ਬੁਢਲਾਡਾ ਵਿਚ ਸਿਖਾਂ ਦੀਆਂ ਦੁਕਾਨਾਂ ਸਾੜੀਆਂ ਗਈਆਂ। ਅੰਮ੍ਰਿਤਸਰ ਤੇ ਪਟਿਆਲੇ ਦੀਆਂ ਹਿੰਦੂ ਜਥੇਬੰਦੀਆਂ ਕੋਲੋਂ ਹੈਂਡ ਗਰਨੇਡਾਂ, ਤਜ਼ਾਬ ਦੀਆਂ ਬੋਤਲਾਂ ਤੇ ਹੋਰ ਅਸਲਾ ਫੜਿਆ ਗਿਆ, ਪਰ ਮੈਨੂੰ ਅਫਸੋਸ ਹੈ ਕਿ ਇਹਨਾਂ ਵਲ ਉਂਗਲ ਕਰ ਕੇ ਉਹਨਾਂ ਦੀ ਨਿੰਦਾ ਕਿਉਂ ਨਹੀਂ ਕੀਤੀ ਗਈ। ਕੀ ਇਹ ਦਸਿਆ ਜਾ ਸਕਦਾ ਹੈ ਕਿ ਇਹਨਾ ਦੇ ਪਿਛੇ ਕਿਹੜੀ ਬਾਹਰਲੀ ਤਾਂਕਤ ਕੰਮ ਕਰ ਰਹੀ ਹੈ ? ਜਿਸ ਤਰ੍ਹਾਂ ਕਿ ਸਿੱਖਾਂ ਨੂੰ ਕਿਹਾ ਜਾਂਦਾ ਹੈ ਕਿ ਇਹਨਾਂ ਦੇ ਪਿਛੇ ਬਾਹਰਲੀ ਤਾਕਤ ਕੰਮ ਕਰਦੀ ਹੈ ? ਸਿਖਾਂ ਦੀ ਬਹੁ-ਗਿਣਤੀ ਪਿੰਡਾਂ ਵਿਚ ਹੈ ਤੇ ਉਥੇ ਹਿੰਦੂਆਂ ਦੀ ਅਬਾਦੀ ਟਾਵੀਂ ਟਾਵੀਂ ਹੈ। ਪਰ ਉਥੇ ਤਾਂ ਕੋਈ ਵੀ ਫਸਾਦ ਨਹੀਂ ਹੋਇਆ। ਕਿਹਾ ਜਾਂਦਾ ਹੈ ਕਿ ਸਰਕਾਰ ਦੇ ਦਰਵਾਜ਼ੇ ਗਲਬਾਤ ਲਈ ਹਮੇਸ਼ਾਂ ਖੁਲ੍ਹੇ ਹਨ, ਪਰ ਅਕਾਲੀ ਹੀ ਗੱਲ ਨਹੀਂ ਕਰਦੇ। ਜਿਥੋਂ ਤਕ ਮੈਨੂੰ ਪਤਾ ਹੈ, ਅਕਾਲੀ ਲੀਡਰ ਅਖੀਰਲੀ ਵਾਰ ਜਦੋਂ ਪ੍ਰਧਾਨ ਮੰਤਰੀ ਨੂੰ ਮਿਲੇ ਸਨ ਤਾਂ ਪਰਧਾਨ ਮੰਤਰੀ ਨੇ ਅਕਾਲੀਆਂ ਦੀਆਂ ਸਾਰੀਆਂ ਹੀ ਮੰਗਾਂ ਇਕ ਇਕ ਕਰਕੇ ਰਦ ਕਰ ਦਿਤੀਆਂ ਸਨ। ਫਿਰ ਮਿਲਣ ਦੇ ਕੀ ਅਰਥ ਹਨ ? ਗ੍ਰਹਿ ਮੰਤਰੀ ਨੇ ਕਿਹਾ ਹੈ ਕਿ ਉਹ ਫ਼ਲਾਇੰਗ ਮੇਲ ਦਾ ਨਾਮ ਬਦਲਣ ਨੂੰ ਤਿਆਰ ਹਨ। ਇਹ ਕੋਈ ਅਹਿਮ ਮੰਗ ਨਹੀਂ, ਇਹ ਤਾਂ ਸਿਰਫ ਦਸਣ ਵਾਸਤੇ ਸੀ ਕਿ ਇਹੋ ਜਿਹੀਆਂ ਸਿੱਖਾਂ ਦੀਆਂ ਮੰਗਾਂ ਵੀ ਮੰਨਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ। ਸਰਕਾਰ ਜਦੋਂ ਤਕ ਸਿਖਾਂ ਦੀਆਂ ਹੱਕੀ ਮੰਗਾਂ ਨਹੀਂ ਮੰਨਦੀ, ਪੰਜਾਬ ਵਿਚ ਅਮਨ ਨਹੀਂ ਹੋ ਸਕਦਾ। ਮੌਜੂਦਾ ਖਿਚਾਅ ਵਿਚੋਂ ਕੋਈ ਵੱਡਾ ਤੂਫਾਨ ਨਿਕਲ ਸਕਦਾ ਹੈ, ਜਿਸ ਦੀ ਜ਼ੁਮੇਵਾਰੀ ਸਰਕਾਰ ਉਪਰ ਹੋਏਗੀ।

ਰੋਜ਼ਾਨਾ ਅਜੀਤ, ੬ ਅਕਤੂਬਰ ੧੯੮੨

# ਪੰਜਾਬ ਦੇ ਹਾਲਾਤ ਧਮਾਕਾ-ਖ਼ੇਜ਼–ਖੁਸ਼ਵੰਤ ਸਿੰਘ

## *ਧਾਰਮਕ ਮੰਗਾਂ ਮੰਨ ਕੇ ਕੇਂਦਰ-ਅਕਾਲੀ ਦਲ ਵਾਰਤਾ ਮੁੜ ਸ਼ੁਰੂ ਕੀਤੀ ਜਾਵੇ*

### (ਰਾਜ ਸਭਾ ਚਿ "ਪੇਸ਼ ਧਿਆਨ-ਦੁਆਊ ਮਤੇ" ਤੇ ਕੀਤੀ ਗਈ ਤਕਰੀਰ ਤੇ ਅਧਾਰਤ)

ਪਿਛਲੇ ਸਾਲ ਦਾ ਪੰਜਾਬ ਦਾ ਖ਼ੂਨੀ ਇਤਿਹਾਸ, ਜਿਸ ਚਿ ਲਾਲਾ ਜਗਤ ਨਰਾਇਣ ਵਰਗੇ ਲੀਡਰ ਦਾ ਕਤਲ, ਹਵਾਈ ਜਹਾਜ਼ ਅਗਵਾ ਅਤੇ ਮੁਖ ਮੰਤ੍ਰੀ ਦੀ ਹਤਿਆ ਦਾ ਯਤਨ ਸ਼ਾਮਲ ਹੈ, ਹੁਣ ਅਕਾਲੀ ਦਲ ਵਲੋਂ ਲਗਾਏ ਗਏ ਮੋਰਚੇ ਕਾਰਨ ਸਿਖਰ ਤੇ ਪੁਜ ਗਿਆ ਹੈ। ਹੁਣ ਤਕ ੨੫੦੦੦ ਵਿਅਕਤੀ ਜੇਲ੍ਹਾਂ 'ਚ ਜਾ ਚੁਕੇ ਹਨ, ਜਿਨ੍ਹਾਂ ਵਿਚ ਇਸ ਹਾਊਸ ਦੇ ਦੋ ਮੈਂਬਰ, ਸਾਬਕ ਮੁਖ ਮੰਤ੍ਰੀ ਸ: ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਪੰਜਾਬ ਵਜ਼ਾਰਤ ਦੇ ਕਈ ਮੈਂਬਰ ਵੀ ਸ਼ਾਮਲ ਹਨ। ਮੈਨੂੰ ਵਿਸ਼ਵਾਸ ਹੈ ਕਿ ਅਗਲੇ ਮਹੀਨੇ ਸਾਡੀ ਇਕ ਹੋਰ ਸਹਿਯੋਗੀ ਬੀਬੀ ਰਾਜਿੰਦਰ ਕੌਰ ੧੦੦੦ ਤੋਂ ਵਧ ਅਕਾਲੀ ਵਰਕਰਾਂ ਨਾਲ ਗ੍ਰਿਫਤਾਰੀ ਦੇਣਗੇ। ਜਿਥੋਂ ਤਕ ਮੈਂ ਅਕਾਲੀਆਂ ਬਾਰੇ ਜਾਣਦਾ ਹਾਂ, ਮੈਨੂੰ ਵਿਸ਼ਵਾਸ ਹੈ ਕਿ ਉਹ ਲਗਪਗ ਅਨਿਸਚਿਤ ਸਮੇਂ ਲਈ ਜਥੇ ਭੇਜੀ ਜਾਣ ਦੇ ਸਮਰੱਥ ਹਨ। ਗ੍ਰਿਫ਼ਤਾਰੀ ਲਈ ਆਪਣੇ ਆਪ ਨੂੰ ਪੇਸ਼ ਕਰਨ ਵਾਲੇ ਬਹੁਤੇ ਲੋਕ ਸਿਆਸਤ ਬਾਰੇ ਭਾਵੇਂ ਬਹੁਤਾ ਨਹੀਂ ਜਾਣਦੇ, ਪਰ ਖਾਲਸਾ ਪੰਥ ਦੀ ਖਿਚ ਅਜਿਹੀ ਮਜ਼ਬੂਤ ਹੈ ਕਿ ਅਕਾਲੀ ਦਲ ਕਿਸੇ ਵੀ ਕਾਜ਼ ਲਈ ਸਿਖ ਅਵਾਮ ਦੇ ਜਜ਼ਬਾਤ ਨੂੰ ਉਭਾਰ ਸਕਦਾ ਹੈ। ਇਹ ਵਿਸ਼ਵਾਸ ਕਰਨਾ ਨਿਰਣੇ ਦੀ ਵਡੀ ਗਲਤੀ ਹੋਵੇਗੀ ਕਿ ਮੋਰਚਾ ਛੇਤੀ ਹੀ ਖ਼ਤਮ ਹੋ ਜਾਏਗਾ। ਪਹਿਲਾਂ ਹੀ ਬਹੁਤ ਸਾਰੀਆਂ ਮੌਤਾਂ ਹੋ ਚੁਕੀਆਂ ਹਨ, ਜਿਨ੍ਹਾਂ ਵਿਚ ਰੇਲਵੇ ਫਾਟਕ ਤੇ ਹੋਈ ਦੁਖਦਾਈ ਘਟਨਾ ਵੀ ਸ਼ਾਮਲ ਹੈ। ਕਈ ਵਿਅਕਤੀ ਜੇਲ੍ਹਾਂ ਵਿਚ ਮਰ ਚੁਕੇ ਹਨ। ਇਨ੍ਹਾਂ ਬਦਕਿਸਮਤੀ ਭਰੀਆਂ ਘਟਨਾਵਾਂ ਕਾਰਨ ਜੋ ਕੁੜੱਤਣ ਪੈਦਾ ਹੋ ਰਹੀ ਹੈ, ਤੁਸੀਂ ਉਸ ਬਾਰੇ ਅੰਦਾਜ਼ਾ ਲਗਾ ਸਕਦੇ ਹੋ। ਪਵਿਤਰ ਸ਼ਹਿਰ ਅੰਮ੍ਰਿਤਸਰ, ਜੋ ਮੋਰਚੇ ਦੀ ਥਾਂ ਹੈ, ਉਸਨੂੰ ਸਭ ਤੋਂ ਵਧ ਨੁਕਸਾਨ ਪੁਜਾ ਹੈ। ਹਰ ਦੁਪਹਿਰ ਨੂੰ ਜਦ ਜਥੇ ਮਾਰਚ ਕਰਦੇ ਹਨ, ਦੁਕਾਨਾਂ ਬੰਦ ਹੋ ਜਾਂਦੀਆਂ ਹਨ ਅਤੇ ਕਾਰੋਬਾਰ ਠੱਪ ਹੋ ਜਾਂਦਾ ਹੈ। ਦੋ ਭਰਾਤਰੀ ਫ਼ਿਰਕੇ, ਹਿੰਦੂ ਅਤੇ ਸਿਖ, ਜੋ


www.AKJ.Org

ਕਿਸੇ ਹੋਰ ਦੇ ਮੁਕਾਬਲੇ ਇਕ ਦੂਜੇ ਦੇ ਸਭ ਤੋਂ ਵਧ ਕਰੀਬ ਹਨ, ਸੰਬੰਧਾਂ ਵਿਚ ਕੁੜੱਤਣ ਆ ਰਹੀ ਹੈ। ਇਹ ਗਲ ਕੋਈ ਭੇਦ ਵਿਚ ਨਹੀਂ ਰਹੀ ਕਿ ਹਿੰਦੂ ਸਨਅਤਕਾਰ ਪੰਜਾਬ ਵਿਚ ਆਪਣਾ ਕਾਰੋਬਾਰ ਵਧਾਣ 'ਚ ਰੁਚੀ ਨਹੀਂ ਰਖਦੇ ਅਤੇ ਬਾਹਰ ਦਾ ਰੁਖ ਕਰ ਰਹੇ ਹਨ। ਸਥਿਤੀ ਬੜੀ ਧਮਾਕਾ-ਖੇਜ਼ ਹੈ ਅਤੇ ਇਕ ਛੋਟੀ ਜਿਹੀ ਘਟਨਾ ਨਾਲ ਭੜਕਾਹਟ ਪੈਦਾ ਹੋ ਸਕਦੀ ਹੈ ਅਤੇ ਸਮੁਚਾ ਪੰਜਾਬ ਇਸਦੀ ਲਪੇਟ ਵਿਚ ਆ ਸਕਦਾ ਹੈ। ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ ਅਤੇ ਰੋਕਿਆ ਜਾ ਸਕਦਾ ਹੈ। ਮੈਂ ਇਹ 'ਧਿਆਨ-ਦਿਵਾਊ ਮਤਾ' ਉਠਾਇਆ ਹੈ, ਕਿਉਂਕਿ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਮੇਰਾ ਇਕ ਸਿਖ, ਇਕ ਪੰਜਾਬੀ ਅਤੇ ਸਭ ਤੋਂ ਵਧ ਇਕ ਭਾਰਤੀ ਹੋਣ ਦੇ ਨਾਤੇ ਫਰਜ਼ ਹੈ। ਮੈਂ ਇਸ ਧਿਆਨ ਦਿਵਾਊ ਮਤੇ ਤੇ ਜ਼ੋਰ ਦਿਤਾ ਹੈ, ਕਿਉਂਕਿ ਮੈਂ ਸਮਝਦਾ ਹਾਂ ਕਿ ਜੇਕਰ ਛੇਤੀ ਹੀ ਕੁਝ ਨਾ ਕੀਤਾ ਗਿਆ ਤਾਂ ਪੰਜਾਬ ਇਕ ਹੋਰ ਆਸਾਮ ਬਣ ਜਾਏਗਾ। ਇਸਨੂੰ ਅਜ ਰੋਕਿਆ ਜਾ ਸਕਦਾ ਹੈ, ਕਲ ਬਹੁਤ ਦੇਰ ਹੋ ਚੁਕੀ ਹੋਵੇਗੀ। ਅਕਾਲੀਆਂ ਅਤੇ ਪੰਜਾਬ ਸਰਕਾਰ ਵਿਚ ਅੜਿਕਾ ਨਾ ਤਾਂ ਅੰਮ੍ਰਿਤਸਰ ਅਤੇ ਨਾ ਹੀ ਚੰਡੀਗੜ੍ਹ ਵਿਚ ਖਤਮ ਹੋ ਸਕਦਾ ਹੈ, ਪਰ ਦਿਲੀ ਵਿਚ ਇਸ ਦਾ ਹਲ ਲਭਿਆ ਜਾ ਸਕਦਾ ਹੈ। ਮੇਰੇ ਕੋਲ ਇਸ ਵਿਸ਼ਵਾਸ ਦੇ ਕਾਰਨ ਹਨ ਕਿ ਇਹ ਅੜਿੱਕਾ ਦੋਹਾਂ ਧਿਰਾਂ ਦੀ ਸਦ-ਭਾਵਨਾ ਨਾਲ ਖ਼ਤਮ ਕੀਤਾ ਜਾ ਸਕਦਾ ਹੈ। ਮੇਰੇ ਆਸ਼ਾਵਾਦੀ ਹੋਣ ਦਾ ਸਿੱਧਾ ਜਿਹਾ ਕਾਰਨ ਇਹ ਹੈ ਕਿ ਅਕਾਲੀਆਂ ਨੇ ਆਪਣੀਆਂ ਮੰਗਾਂ ਦੋ ਦਸਤਾਵੇਜ਼ਾਂ, ਆਨੰਦਪੁਰ ਸਾਹਿਬ ਦੇ ਮਤੇ ਅਤੇ ਪ੍ਰਧਾਨ ਮੰਤਰੀ ਨੂੰ ਪੇਸ਼ ਚਾਰਟਰ ਵਿਚ ਪੇਸ਼ ਕੀਤੀਆਂ ਹਨ। ਆਨੰਦਪੁਰ ਮਤੇ ਦੇ ਕਈ ਪਖ ਹਨ। ਮੇਰਾ ਸੁਝਾਅ ਹੈ ਕਿ ਅਕਾਲੀ ਲੀਡਰਾਂ ਨਾਲ ਸੰਪਰਕ ਕਰਕੇ ਇਹ ਪਤਾ ਲਗਾਇਆ ਜਾਵੇ ਕਿ ਉਹ ਕਿਸਨੂੰ ਅਧਿਕਾਰਤ ਪਖ ਮੰਨਦੇ ਹਨ। ਮੇਰੀ ਜਾਣਕਾਰੀ ਅਨੁਸਾਰ ਸਾਰੇ ਪਖਾਂ ਵਿਚ ਇਸ ਗੱਲ ਤੇ ਜ਼ੋਰ ਦਿਤਾ ਗਿਆ ਹੈ ਕਿ ਸਿਖ ਇਕ ਵਖਰੀ ਕੌਮ ਹੈ। ਇਸਨੂੰ ਸਰਕਾਰ ਰੱਦ ਕਰ ਦੇਵੇ ਅਤੇ ਮੈਨੂੰ ਵਿਸ਼ਵਾਸ ਹੈ ਕਿ ਜੇਕਰ ਠੀਕ ਤਰ੍ਹਾਂ ਦਸਿਆ ਜਾਵੇ ਤਾਂ ਅਕਾਲੀ ਇਸ ਮਤੇ ਦੀ ਸ਼ਬਦਾਵਲੀ ਵਿਚ ਸੋਧ ਕਰਨ ਲਈ ਤਿਆਰ ਹੋ ਜਾਣਗੇ ਅਤੇ ਇਸ ਤੋਂ ਬਾਅਦ ਦੂਜੀਆਂ ਮੰਗਾਂ ਬਾਰੇ ਗੱਲਬਾਤ ਹੋ ਸਕਦੀ ਹੈ। ਇਸ ਦੇ ਨਾਲ ਹੀ ਮੇਰਾ ਸੁਝਾਅ ਹੈ ਕਿ ਸਰਕਾਰ ਪਹਿਲ-ਕਦਮੀ ਕਰਕੇ ਕਈ ਉਹ ਛੋਟੀਆਂ ਛੋਟੀਆਂ ਮੰਗਾਂ ਮੰਨੇ ਜਾਣ ਦਾ ਐਲਾਨ ਕਰ ਦੇਵੇ ਜੋ ਅਕਾਲੀਆਂ ਨੇ ਪ੍ਰਧਾਨ ਮੰਤਰੀ ਨੂੰ ਪੇਸ਼ ਕੀਤੀਆਂ ਹਨ। ਇਨ੍ਹਾਂ ਵਿਚੋਂ ੬ ਅਜਿਹੀਆਂ ਹਨ ਜਿਨ੍ਹਾਂ ਬਾਰੇ ਕੋਈ ਝਗੜਾ ਨਹੀਂ ਪੈਦਾ ਹੋ ਸਕਦਾ ਅਤੇ ਮੈਂ ਗ੍ਰਹਿ ਮੰਤਰੀ ਨੂੰ ਕਹਿੰਦਾ ਹਾਂ ਕਿ ਉਹ ਫਲਾਇੰਗ ਮੇਲ ਦਾ ਨਾਂ 'ਹਰਿਮੰਦਰ ਐਕਸ-ਪ੍ਰੈਸ' ਰਖਣ, ਅੰਮ੍ਰਿਤਸਰ ਸ਼ਹਿਰ ਦੀ ਚਾਰ-ਦੀਵਾਰੀ ਵਿਚ ਤੰਬਾਕੂ ਦੀ ਵਿਕਰੀ ਤੇ ਪਬੰਦੀ ਲਗਾਉਣ, ਹਰਿਮੰਦਰ ਸਾਹਿਬ ਤੋਂ ਕੀਰਤਨ ਬ੍ਰਾਡਕਾਸਟ ਦਾ ਸਮਾਂ ਵਧਾਉਣ, ਸਿਖ ਯਾਤਰੀਆਂ ਨੂੰ ਏਅਰ ਇੰਡੀਆ ਅਤੇ ਇੰਡੀਅਨ ਏਅਰ ਲਾਈਨਜ਼ ਦੀਆਂ ਉਡਾਣਾਂ ਦੋਰਾਨ ਕਿਰਪਾਨ ਪਹਿਨਣ ਦੀ ਇਜਾਜ਼ਤ ਦੇਣ ਵਰਗੀਆਂ ਮੰਗਾਂ ਛੇਤੀ ਮੰਨੇ ਜਾਣ ਦਾ ਐਲਾਨ ਕਰਨ, ਕਿਉਂਕਿ ਇਸ ਨਾਲ ਕਿਸੇ ਦੂਜੇ ਫ਼ਿਰਕੇ ਦੀਆਂ ਧਾਰਮਕ ਸਰਗਰਮੀਆਂ ਕਿਸੇ ਤਰ੍ਹਾਂ ਵੀ ਪ੍ਰਭਾਵਤ ਨਹੀਂ ਹੁੰਦੀਆਂ। ਜਦ ਕਿ ਆਲ ਇੰਡੀਆ ਗੁਰਦਵਾਰਾ ਐਕਟ ਬਨਾਉਣ ਦੀ ਮੰਗ ਨੂੰ ਸਿਖਾਂ ਦੀ ਇਕ ਵਡੀ ਬਹੁਗਿਣਤੀ ਦੀ ਹਮਾਇਤ ਪ੍ਰਾਪਤ ਹੋ ਚੁਕੀ ਹੈ, ਇਹ ਵੀ ਮੰਨ ਲਈ ਜਾਣੀ ਚਾਹੀਦੀ ਹੈ। ਮੈਂ ਸਤਵਾਂ ਨੁਕਤਾ ਵੀ ਸਵੀਕਾਰ ਕਰਨ ਤੇ ਜ਼ੋਰ ਦਿਆਂਗਾ ਕਿ ਪੰਜਾਬ, ਜਿਥੇ ਕਿ ਭਾਰੀ ਸਨਅਤਾਂ ਦੀ ਅਣਹੋਂਦ ਹੈ, ਨੂੰ ਹੋਰ ਕਪੜਾ ਅਤੇ ਖੰਡ ਮਿਲਾਂ ਲਗਾਉਣ ਦੀ ਇਜਾਜ਼ਤ ਦਿਤੀ ਜਾਵੇ, ਕਿਉਂਕਿ ਏਥੇ ਕਪਾਹ ਅਤੇ ਗੰਨੇ ਦੀ ਲੋੜ ਤੋਂ ਕਾਫ਼ੀ ਵਧ ਪੈਦਾਵਾਰ ਹੁੰਦੀ ਹੈ। ਹੋਰ ਕਈ ਮਾਮਲੇ ਹਨ ਜਿਹਨਾਂ ਤੇ ਚੋਕਸੀ ਨਾਲ ਵਿਚਾਰ ਕਰਨ ਦੀ ਲੋੜ ਹੈ। ਇਹਨਾਂ ਵਿਚ ਦਰਿਆਈ ਪਾਣੀ ਦੀ ਵੰਡ, ਰਾਜਾਂ ਦੀ ਮੁੜ ਹਦਬੰਦੀ, ਚੰਡੀਗੜ੍ਹ ਪੂਰੀ ਤਰ੍ਹਾਂ ਪੰਜਾਬ ਦੇ ਹਵਾਲੇ ਕਰਨਾ ਸ਼ਾਮਲ ਹੈ। ਇਹਨਾਂ ਮਾਮਲਿਆਂ ਤੇ ਮੁੜ ਵਿਚਾਰ ਕਰਨ ਦੀ ਅਕਾਲੀਆਂ ਦੀ ਮੰਗ ਵਿਚ ਕਾਫ਼ੀ ਵਜ਼ਨ ਹੈ। ਇਨ੍ਹਾਂ ਮਾਮਲਿਆਂ ਨੂੰ ਹਲ ਕਰਨ ਦਾ ਸਭ ਤੋਂ ਚੰਗਾ ਤਰੀਕਾ ਇਕ ਕਮਿਸ਼ਨ ਦੀ ਕਾਇਮੀ ਹੈ ਜੋ ਇਨ੍ਹਾਂ ਦੋਹਾਂ ਮਾਮਲਿਆਂ ਤੇ ਵਿਚਾਰ ਕਰੇ। ਜੇਕਰ ਅਜਿਹਾ



www.AKJ.Org

ਕਮਿਸ਼ਨ ਕਾਇਮ ਹੋ ਜਾਵੇ ਤਾਂ ਇਹ ਗੱਲ ਬਹੁਤ ਮਹੱਤਵ-ਪੂਰਨ ਹੋਵੇਗੀ ਕਿ ਇਸ ਦਾ ਆਗੂ ਕੋਈ ਅਜਿਹਾ ਵਿਅਕਤੀ ਹੋਵੇ ਜਿਸਨੂੰ ਸਿਖ ਫ਼ਿਰਕੇ ਵਿਚ ਵਿਸ਼ਵਾਸ ਪ੍ਰਾਪਤ ਹੋਏ। ਸਾਰੰਸ਼ ਵਿਚ ਮੇਰਾ ਸੁਝਾਅ ਹੈ ਕਿ ਅਕਾਲੀ ਆਗੂਆਂ ਨਾਲ ਗੱਲਬਾਤ ਤੁਰੰਤ ਖੋਲ੍ਹੀ ਜਾਵੇ। ਉਨ੍ਹਾਂ ਨੂੰ ਗੱਲਬਾਤ ਲਈ ਜੇਲ੍ਹਾਂ ਵਿਚੋਂ ਦਿੱਲੀ ਲਿਆਂਦਾ ਜਾਵੇ। ਪਰ ਇਹ ਗੱਲ ਧਿਆਨ ਵਿਚ ਰਹੇ ਕਿ ਇਸ ਗੱਲਬਾਤ ਦਾ ਹਸ਼ਰ ਆਸਾਮ ਬਾਰੇ ਚਲ ਰਹੀ ਗੱਲਤਾਰ ਵਰਗਾ ਨਾ ਹੋਵੇ। ਮੌਜੂਦਾ ਕੇਸ ਵਿਚ ਤੁਹਾਡਾ ਵਾਹ ਉਹਨਾਂ ਅਕਾਲੀਆਂ ਨਾਲ ਹੈ ਜੋ ਨਾ ਤੇ ਉਚ ਵਿਦਿਆ ਪ੍ਰਾਪਤ ਤੇ ਨਾ ਹੀ ਵਕੀਲ ਹਨ, ਪਰ ਉਹਨਾਂ ਦੀ ਵਫ਼ਾਦਾਰੀ ਅਤੇ ਦੇਸ਼ ਭਗਤੀ ਤੇ ਕਿੰਤੂ ਨਹੀਂ ਕੀਤਾ ਜਾ ਸਕਦਾ। ਸਾਡੇ ਕੋਲ ਗੁਆਣ ਲਈ ਵਕਤ ਨਹੀਂ ਹੈ। ਆਖ਼ਰ ਵਿਚ ਮੈਂ ਇਸ ਉਰਦੂ ਸ਼ੇਅਰ ਨਾਲ ਖ਼ਤਮ ਕਰਦਾ ਹਾਂ :–

ਵੁਹ ਵਕਤ ਭੀ ਦੇਖਾ, ਤਾਰੀਖ਼ ਕੀ ਗਹਿਰਾਈਓਂ ਨੇ। ਲਮਹੋਂ ਨੇ ਖ਼ਤਾ ਕੀ, ਸਦੀਉਂ ਨੇ ਸਜ਼ਾ ਪਾਈ।

ਆਪਣੀ ਤਾਰੀਖ਼ ਦੇ ਦੌਰ ਵਿਚ ਅਸੀਂ ਦੇਖਿਆ ਹੈ ਕਿ ਕੁਝ ਪਲਾਂ ਦੀ ਗ਼ਲਤੀ ਹੋਈ ਅਤੇ ਇਸ ਦੀ ਕੀਮਤ ਕਈ ਸਦੀਆਂ ਤਕ ਤਾਰਨੀ ਪਈ।

ਰੋਜ਼ਾਨਾ 'ਅਜੀਤ', ੧੯ ਅਕਤੂਬਰ ੧੯੮੨

## ਮਦ – ਨਸ਼ਾ – ਅਮਲ

ਭਾ: ਜੋਗਿੰਦਰ ਸਿੰਘ ਜੀ ਤਲਵਾੜਾ

ਨਸ਼ੇ ਜਾਂ ਅਮਲ ਮੁਖ ਰੂਪ ਵਿਚ ਦੋ ਪਰਕਾਰ ਦੇ ਹਨ : (ੳ) ਮਾਇਆ ਦਾ ਨਸ਼ਾ (ਅ) ਅਮਲ–ਮਾਦਕ ਦ੍ਰਵਯ।

(ੳ) ਮਾਇਆ ਮਨੁਖ ਦੀ ਦਾਸੀ ਹੈ ਤੇ ਕਈ ਕਾਜ ਸਵਾਰਦੀ ਹੈ। ਇਸ ਦੀ ਵਰਤੋਂ ਮਾੜੀ ਨਹੀਂ, ਯੋਗ ਵਰਤੋਂ ਅਤਿ ਲੋੜੀਂਦੀ ਹੈ। ਪਰ ਇਸ ਦਾ ਨਸ਼ਾ ਮਾੜਾ ਹੈ। ਮਾਇਆ ਦੇ ਨਸ਼ੇ ਵਿਚ ਮਨੁਖ ਹੰਕਾਰਿਆ ਜਾਂਦਾ ਹੈ ਤੇ ਇਸ ਨਾਲ ਖੁਆਰੀ ਹੁੰਦੀ ਹੈ। ਪ੍ਰਸਿਧ ਅਖਾਣ ਹੈ "ਹੰਕਾਰਿਆ ਸੋ ਮਾਰਿਆ।

**(ਅ) ਅਮਲ–ਮਾਦਕ ਦ੍ਰਵਯ**–ਮਦ ਦੇ ਇਸ ਵਰਗ ਵਿਚ ਸ਼ਰਾਬ ਭੰਗ, ਅਫ਼ੀਮ, ਪੋਸਤ ਆਦਿ ਨਸ਼ੇ ਆਉਂਦੇ ਹਨ। ਇਹ ਨਸ਼ੇ ਇਕ ਪਾਸੇ ਤਾਂ ਸਰੀਰ ਨੂੰ ਕਮਜ਼ੋਰ, ਆਲਸੀ ਅਤੇ ਰੋਗੀ ਕਰਦੇ ਹਨ ਤੇ ਦੂਜੇ ਪਾਸੇ ਮਤ ਨੂੰ ਖੀਣ ਕਰਦੇ ਹਨ। ਨਸ਼ੇ ਦੇ ਅਸਰ ਥਲੇ ਮਤ-ਹੀਣ ਹੋਏ ਮਨੁਖ ਨੂੰ ਆਪਣੇ ਪਰਾਏ ਦੀ ਤਮੀਜ਼ ਨਹੀਂ ਰਹਿੰਦੀ। ਮਨੁਖ ਮੂੰਹੋਂ ਵੀ ਅਰਲ ਬਰਲ ਬੋਲੀ ਜਾਂਦਾ ਹੈ ਅਤੇ ਕਈ ਨਜਾਇਜ਼ ਹਰਕਤਾਂ ਕਰਦਾ ਹੈ। ਗੁਰਮਤਿ ਵਿਚ ਸਾਰੇ ਨਸ਼ੇ ਨਿੰਦਤ ਹਨ–

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥ਝੂਠਾ ਮਦੁ ਮੂਲਿ ਨ ਪੀਚਈ ਜੇਕਾ ਪਾਰਿ ਵਸਾਇ॥੧॥(੫੫੪)

ਸ਼ਰਾਬ ਆਦਿ ਨਸ਼ਾ ਵਿਵੇਕ ਬੁਧੀ ਦਾ ਨਾਸ਼ਕ ਹੈ। ਇਹ ਇਕ ਬੱਜਰ ਵਿਕਾਰ ਹੈ ਤੇ ਇਸ ਤੋਂ ਅਗੇ ਕਈ ਵਿਕਾਰ ਪੈਦਾ ਹੁੰਦੇ ਹਨ। ਸ਼ਰਾਬ ਤੇ ਕਬਾਬ ਦਾ ਗੂੜਾ ਮੇਲ ਹੈ। ਜਿਥੇ ਇਕ ਹੋਵੇ, ਦੂਜਾ ਮਲੋ ਮਲੀ ਆ ਜਾਂਦਾ ਹੈ। ਸ਼ਰਾਬ ਤੇ ਕਬਾਬ ਸੰਸਾਰ ਵਿਚ ਦੋ ਮੰਨੇ-ਪ੍ਰਮੰਨੇ ਐਬ ਹਨ। ਜਿਸ ਵਿਅਕਤੀ ਵਿਚ ਇਹ ਦੋਵੇਂ ਐਬ ਇਕੱਠੇ ਹੋ ਜਾਣ, ਉਹਨੂੰ ਕੁਫ਼ਰਗੜ੍ਹ ਦੀ ਛਾਉਣੀ ਹੀ ਸਮਝੋ–

ਇਤਿ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥੨॥੨। (੫੩)

ਏਨੇ ਸਪਸ਼ਟ ਤੇ ਕਰੜੇ ਗੁਰ-ਹੁਕਮਾਂ ਦੇ ਹੁੰਦਿਆਂ ਕੁਝ ਆਪ-ਹੁਦਰੇ ਤੇ ਚਸਕਾਲੂ ਬੁਧੀ-ਜੀਵੀਏ ਫੁਚਰਾਂ ਭੇੜਦੇ ਹਨ ਕਿ ਸ਼ਰਾਬ ਸਿੱਖੀ ਵਿਚ ਬਿਵਰਜਤ ਨਹੀਂ। ਅਜਿਹਾ ਉਹ ਨਿਜੀ ਕਮਜ਼ੋਰੀ ਨੂੰ ਲੁਕਾਣ ਲਈ ਕਰਦੇ ਹਨ ਤੇ ਅਸਲ ਵਿਚ ਆਪਣੇ ਆਪ ਨਾਲ ਦਗ਼ਾ ਕਰਦੇ ਹਨ। ਰਹਿਤਨਾਮਿਆਂ ਵਿਚ ਨਸ਼ਿਆਂ ਦੀ ਨਿਖੇਧੀ ਕੀਤੀ ਹੋਈ ਹੈ–ਪਰਨਾਰੀ ਜੂਆ ਅ-ਸਤ ਚੋਰੀ ਮਦਿਰਾ ਜਾਨ ॥

ਪਾਂਚ ਐਬ ਏ ਜਗਤ ਮੇ ਤਜੇ ਸੁ ਸਿੰਘ ਸੁਜਾਨ ॥–ਰਹਿਤਨਾਮਾ ਭਾਈ ਦੇਸਾ ਸਿੰਘ

ਗੁਰੂ ਕਾ ਸਿਖ ਸ਼ਰਾਬ ਕਬੀ ਨ ਪੀਵੇ ॥ ਰਹਿਤਨਾਮਾ ਭਾਈ ਚੌਪਾ ਸਿੰਘ



www.AKJ.Org

# ਜਨਤਕ ਥਾਵਾਂ ਤੇ ਤਮਾਕੂ (ਸਿਗਰਟ) ਨੋਸ਼ੀ

[ਸ: ਹਰਬੰਸ ਸਿੰਘ ਜੀ ਲਾਇਲਪੁਰੀ, ਜਲੰਧਰ]

ਤਮਾਕੂ ਸਿਗਰਟ ਬਾਰੇ ਅਜ ਸਾਰੀ ਦੁਨੀਆਂ (ਭਾਰਤ ਨੂੰ ਛਡ ਕੇ) ਵਿਚ ਇਸ਼ਤਿਹਾਰ-ਬਾਜ਼ੀ ਤੇ ਕਰੜੀਆਂ ਬੰਦਸ਼ਾਂ ਲਗਾ ਦਿਤੀਆਂ ਗਈਆਂ ਹਨ ਤੇ ਤਮਾਕੂ-ਨੋਸ਼ੀ ਦੀ ਆਦਤ ਨੂੰ ਠਲ੍ਹ ਪਾਣ ਲਈ ਕਈ ਢੰਗ ਵਰਤੇ ਜਾ ਰਹੇ ਹਨ। ਬੈਲਜੀਅਮ ਨੇ ਸਿਗਰਟ ਵੇਚਣ ਅਤੇ ਮੁਫਤ ਵੰਡਣ ਉਤੇ ਪਾਬੰਦੀ ਲਗਾਈ ਹੋਈ ਹੈ। ਪੱਛਮ ਦੇ ਬਹੁਤੇ ਦੇਸ਼ਾਂ ਵਿਚ ਹਵਾਈ ਅੱਡਿਆਂ, ਰੇਲਾਂ, ਬਸਾਂ, ਵਿਚ ਤਮਾਕੂ-ਨੋਸ਼ੀ ਬੰਦ ਕੀਤੀ ਗਈ ਹੈ। ਅਰਬ ਮੁਲਕਾਂ ਵਿਚ ਤਮਾਕੂ ਦੇ ਪ੍ਰਚਾਰ ਤੇ ਪਾਬੰਦੀ ਲਗਾ ਦਿਤੀ ਹੈ। ਸਾਡੇ ਗਵਾਂਢੀ ਦੇਸ਼ ਸਿੰਘਾਪੁਰ ਵਿਚ ਜਨਤਕ ਥਾਵਾਂ ਤੇ ਸਿਗਰਟ ਪੀਣ ਤੇ ਪਾਬੰਦੀ ਲਗ ਗਈ ਹੈ ਅਤੇ ਉਲੰਘਣਾ ਕਰਨ ਵਾਲੇ ਨੂੰ ਸਖ਼ਤ ਸਜ਼ਾ ਤੇ ਜੁਰਮਾਨਾ ਕੀਤਾ ਜਾਂਦਾ ਹੈ। ਬੰਗਲਾ ਦੇਸ਼ ਵਿਚ ਤਮਾਕੂ-ਨੋਸ਼ੀ ਨੂੰ ਠਲ੍ਹ ਪਾਣ ਦੇ ਯਤਨ ਅਰੰਭ ਹੋਏ ਹੋਏ ਹਨ। ਇਸੇ ਤਰ੍ਹਾਂ ਹੋਰਨਾਂ ਦੇਸ਼ਾਂ ਵਿਚ ਬੜੀਆਂ ਪਾਬੰਦੀਆਂ ਲਗ ਗਈਆਂ ਹਨ।

ਇਕ ਅਭਾਗਾ ਦੇਸ਼ ਭਾਰਤ-ਵਰਸ਼ ਹੈ, ਜਿਸਨੂੰ ਰਿਸ਼ੀਆਂ ਮੁਨੀਆਂ ਗੁਰੂਆਂ ਪੀਰਾਂ ਦਾ ਦੇਸ਼ ਕਿਹਾ ਜਾਂਦਾ ਹੈ, ਜਿਸਦਾ ਆਗੂ ਮਹਾਤਮਾਂ ਗਾਂਧੀ ਵਰਗਾ ਸਚਿਆਰ ਪੁਰਸ਼ ਹੈ, ਇਸ ਵੇਲੇ ਉਹਨੂੰ ਬਾਪੂ ਕਹਿਣ ਵਾਲਿਆਂ ਦੀ ਸ੍ਰਕਾਰ ਹੈ, ਉਹ ਪਛਮ ਤੇ ਹੋਰ ਦੇਸ਼ਾਂ ਨੂੰ ਵੇਖ ਕੇ ਦਬੀ ਜ਼ਬਾਨ ਨਾਲ ਤਮਾਕੂ ਸਿਗਰਟ-ਨੋਸ਼ੀ ਦੇ ਵਿਰੁਧ ਪ੍ਰਚਾਰ ਕਰਦੀ ਹੈ। ਜਲੰਧਰ ਦੇ ਸਿਵਲ ਹਸਪਤਾਲ ਵਿਚ ਜਿਥੇ ਮਰੀਜ਼ ਪਰਚੀਆਂ ਬਣਾਉਂਦੇ, ਉਥੇ ਇਕ ਬੋਰਡ ਲਗਾ ਵੇਖਿਆ ਕਿ "ਤਮਾਕੂ ਜਾਂ ਸਿਹਤ, ਚੋਣ ਤੁਹਾਡੀ ਆਪਣੀ" ਪੰਜਾਬ ਸ੍ਰਕਾਰ ਦੇ ਸਿਹਤ ਵਿਭਾਗ ਵਲੋਂ ਇਕ ਪੋਸਟਰ ਛਾਪਿਆ ਗਿਆ, ਜਿਸ ਤੇ ਇਕ ਪੁਰਸ਼ ਦੀ ਤਸਵੀਰ ਸਿਗਰਟ ਪੀਂਦਾ ਵਿਖਾਇਆ ਗਿਆ, ਹੇਠ ਲਿਖਿਆ ਹੈ "ਤਮਾਕੂ ਨੋਸ਼ੀ ਆਤਮ ਹਤਿਆ" ਇਸੇ ਤਰ੍ਹਾਂ ਕੇਂਦਰੀ ਸਿਹਤ ਮੰਤਰਾਲਾ ਅਤੇ ਭਾਰਤ ਸ੍ਰਕਾਰ ਦੇ ਪਬਲਿਸਿਟੀ ਵਿਭਾਗ ਨਵੀਂ ਦਿਲੀ ਵਲੋਂ ਚੰਗੇ ਸੋਹਣੇ ਕਾਗਜ਼ ਤੇ ਸਿਗਰਟ ਪੀਂਦੇ ਪੁਰਸ਼ ਦੀ ਤਸਵੀਰ ਛਾਪ ਕੇ ਉਤੇ ਲਿਖਿਆ ਹੈ ਕਿ ਤੰਮਾਕੂ ਪੀਣ ਨਾਲ ਕੈਂਸਰ ਦਾ ਰੋਗ ਲਗਦਾ ਹੈ। ਤਸਵੀਰ ਦੇ ਹੇਠ ਲਿਖਿਆ ਹੈ, ਤੰਮਾਕੂ ਦਾ ਨਸ਼ਾ ਬੰਦ ਕਰੋ। ਇਕ ਪਾਸੇ ਪੁਰਸ਼ ਦਾ ਹਥ ਵਿਖਾਇਆ ਹੈ, ਹਥ ਵਿਚ ਸਿਗਰਟ ਫੜਿਆ ਹੈ, ਉਪਰ ਲਾਲ ਕਾਂਟਾ ਖਤਰੇ ਦਾ ਨਿਸ਼ਾਨ ਹੈ।

ਸਾਡੇ ਦੇਸ਼ ਦੀ ਸ੍ਰਕਾਰ ਦੂਸਰੇ ਦੇਸ਼ਾਂ ਵਲੋਂ ਦੇਖਾ ਦੇਖੀ ਹਜ਼ਾਰਾਂ ਰੁਪੈ ਖਰਚ ਕਰਕੇ ਪੋਸਟਰ ਛਾਪਦੀ ਹੈ। ਉਸਦਾ ਭਾਵ ਇਹ ਹੈ ਕਿ ਲੋਕਾਂ ਨੂੰ ਦਸਿਆ ਜਾਏ ਕਿ ਤੰਮਾਕੂ ਨੋਸ਼ੀ ਦੇ ਵਿਰੁਧ ਸ੍ਰਕਾਰ ਬੜਾ ਸੰਘਰਸ਼ ਕਰ ਰਹੀ ਹੈ। ਪਰ ਇਹ ਤਾਂ ਲੋਕਾਂ ਦੀ ਅਖੀਂ ਘਟਾ ਪਾਣ ਵਾਲੀ ਗਲ ਹੈ। ਦੂਸਰੇ ਦੇਸ਼ਾਂ ਦੀਆਂ ਸ੍ਰਕਾਰਾਂ ਜੋ ਕਹਿੰਦੀਆਂ ਹਨ, ਕਰਾ ਕੇ ਵਿਖਾ ਦੇਂਦੀਆਂ ਹਨ। ਇਕ ਸਾਡਾ ਭਾਰਤ ਦੇਸ਼ ਹੀ ਹੈ ਜਿਸ ਦੀ ਸ੍ਰਕਾਰ ਅਜਿਹੇ ਲੋਕਾਂ ਦੇ ਹਥ ਆਈ ਹੈ ਜੋ ਕਹਿੰਦੇ ਬਹੁਤ ਹਨ ਪਰ ਕਰਦੇ ਕੁਝ ਨਹੀਂ।

ਦੇਸ਼ ਅਜ਼ਾਦ ਹੋਣ ਪਿਛੋਂ ਗਾਂਧੀ ਭਗਤਾਂ ਦੀ ਸ੍ਰਕਾਰ ਹੀ ਬਣਦੀ ਰਹੀ ਹੈ। ਮਹਾਤਮਾ ਗਾਂਧੀ ਸ਼ਰਾਬ ਤਮਾਕੂ ਦੇ ਵਿਰੁਧ ਸਨ, ਪਰ ਉਹਨਾਂ ਨੂੰ ਬਾਪੂ ਕਹਿਣ ਵਾਲਿਆਂ ਨੇ ਸ਼ਰਾਬ ਤਮਾਕੂ ਦੀ ਖੁਲ੍ਹ ਦੇ ਰਖੀ ਹੈ। ਜੇਕਰ ਭਾਰਤ ਸ੍ਰਕਾਰ ਤਨੋ ਮਨੋ ਚਾਹੁੰਦੀ ਹੈ ਤਾਂ ਪਛਮੀ ਦੇਸ਼ਾਂ ਵਾਂਗੂੰ ਆਮ ਥਾਵਾਂ ਰੇਲ, ਬਸਾਂ ਸੈਰਗਾਹਾਂ ਪਾਰਕਾਂ, ਸ੍ਰਕਾਰੀ ਦਫਤਰਾਂ, ਹਸਪਤਾਲਾਂ, ਡਾਕ, ਤਾਰ, ਘਰਾਂ, ਬੈਂਕਾਂ ਤੇ ਹੋਰ ਜਨਤਕ ਥਾਵਾਂ ਤੇ ਤਮਾਕੂ ਪੀਣ ਦੀ ਸਖ਼ਤੀ ਨਾਲ ਮਨਾਹੀ ਕਰੇ।

ਇਥੇ ਤਾਂ ਇਹ ਹਾਲਤ ਹੈ, ਹਸਪਤਾਲ ਵਿਚ ਡਾਕਟਰ ਤੇ ਕਰਮਚਾਰੀ, ਵਾਰਡਾਂ ਵਿਚ ਦਾਖਲ ਮਰੀਜ਼ ਤੇ ਹੋਰ ਮਰੀਜ਼ਾਂ ਨਾਲ ਆਉਣ ਵਾਲੇ ਲੋਕ ਖੁਲ੍ਹਮ ਖੁਲ੍ਹਾ ਸਿਗਰਟ ਪੀਂਦੇ ਵੇਖਦੇ ਹਾਂ। ਸਰਕਾਰੀ ਦਫਤਰਾਂ ਵਿਚ ਅਫ਼ਸਰ ਤੇ ਕਰਮਚਾਰੀ ਆਪਣੀਆਂ ਸੀਟਾਂ ਤੇ ਬੈਠੇ ਸਿਗਰਟ ਪੀਂਦੇ ਹਨ। ਸਵੇਰੇ ਅੰਮ੍ਰਿਤ ਵੇਲੇ



www.AKJ.Org

ਜਦੋਂ ਕੋਈ ਪੁਰਸ਼ ਸੈਰ ਜਾਂ ਧਰਮ-ਅਸਥਾਨ ਤੇ ਜਾਣ ਲਈ ਸੜਕ ਤੋਂ ਲੰਘਦਾ ਹੈ ਤਾਂ ਪੈਦਲ, ਰਕਸ਼ਾ, ਸਕੂਟਰ, ਕਾਰ,ਸਾਈਕਲ-ਚਾਲਕ ਸਿਗਰਟ ਪੀਂਦੇ ਧੂੰਏਂ ਦੇ ਫੂੰਕਾਰੇ ਛਡਦੇ ਸਾਰੀ ਹਵਾ ਹੀ ਖਰਾਬ ਕਰ ਦੇਂਦੇ ਹਨ। ਕਈ ਪੁਰਸ਼ਾਂ ਨੂੰ ਵੇਖਦੇ ਹਾਂ ਜੋ ਤਮਾਕੂ ਸਿਗਰਟ ਦੇ ਇੰਨੇ ਆਦੀ ਹੋ ਚੁਕੇ ਹਨ ਕਿ ਸਵੇਰੇ ਧਰਮ-ਅਸਥਾਨਾਂ ਦੇ ਦਰਵਾਜ਼ੇ ਤਕ ਪੀਂਦੇ ਜਾਂਦੇ ਹਨ। ਫਿਰ ਅੰਦਰ ਜਾ ਕੇ ਮੂਰਤੀਆਂ ਦੀ ਪੂਜਾ ਕਰਦੇ ਹਨ। ਮ੍ਰਿਤਕ ਪ੍ਰਾਣੀ ਦੇ ਸਸਕਾਰ ਸਮੇਂ ਜਾਣ ਵਾਲੇ ਲੋਕ ਰਸਤੇ ਵਿਚ ਤੇ ਸ਼ਮਸ਼ਾਨ ਭੂਮੀ ਵਿਚ ਬੈਠ ਕੇ ਸਿਗਰਟ ਪੀਂਦੇ ਵੇਖਦੇ ਹਾਂ।

ਇਕ ਸਮੇਂ ਪ੍ਰਤਾਪ ਅਖਬਾਰ ਦੇ ਮਾਲਕ ਮਹਾਸ਼ਾ ਕ੍ਰਿਸ਼ਨ ਨੇ ਲਿਖਿਆ ਸੀ ਕਿ ਭਾਰਤ ਦੇਸ਼ ਵਿਚ ਪਹਿਲੇ ਤਮਾਕੂ ਪੀਣ ਲਈ ਹੁਕੇ ਦੀ ਵਰਤੋਂ ਕੀਤੀ ਜਾਂਦੀ ਸੀ। ਹੁਕਾ ਪੀਣ ਵਾਲੇ ਮਨੁਖ ਦੇ ਅਗੇ ਹੁਕਾ ਪਇਆ ਵੇਖ ਕੇ ਤੰਮਾਕੂ ਦੀ ਵਰਤੋਂ ਤੋਂ ਪ੍ਰਹੇਜ਼ ਕਰਨ ਵਾਲਾ ਉਸਦੇ ਪਾਸ ਨਹੀਂ ਸੀ ਬੈਠਦਾ। ਹੁਣ ਚੰਗਾ ਭਲਾ ਪੁਰਸ਼ ਵੇਖ ਕੇ ਰੇਲ, ਬਸ ਜਾਂ ਕਿਸੇ ਸੈਰ-ਗਾਹ, ਪਾਰਕ ਵਿਚ ਉਸ ਦੇ ਪਾਠ ਬੈਠ ਜਾਵੋ ਤਾਂ ਜੇਬ ਵਿਚੋਂ ਸਿਗਰਟ ਕੱਢ ਕੇ ਪੀਣ ਲਗ ਜਾਂਦਾ ਹੈ। ਹੁਣ ਤਬਾਕੂ-ਨੋਸ਼ ਮਨੁਖ ਦੀ ਜੇਬ ਵਿਚ ਹੀ ਹੁਕਾ ਪਇਆ ਹੁੰਦਾ ਹੈ। ਇਸ ਹਾਲਤ ਵਿਚ ਬੜਾ ਖੇਦ ਹੁੰਦਾ ਹੈ ਕਿ ਸਾਡੇ ਦੇਸ਼ ਦੀ ਸਰਕਾਰ ਕਿਥੇ ਹੈ ?

ਜਗਤ ਜੂਠ ਤਮਾਕੂ, ਜਿਸ ਦੇ ਵਿਰੁਧ ਹਜ਼ਾਰਾਂ ਰੁਪੈ ਲਾ ਕੇ ਪੋਸਟਰ ਛਾਪੇ ਜਾਂਦੇ ਹਨ ਤੇ ਸਰਕਾਰ ਦੇ ਮੁਖ ਅਧਿਕਾਰੀ ਆਪ ਮੰਨਦੇ ਹਨ ਕਿ ਤਬਾਕੂ ਪੀਣ ਨਾਲ ਕੈਂਸਰ ਹੋ ਜਾਂਦਾ ਹੈ, ਉਸ ਦਾ ਧੂੰਆਂ ਬਦੋ ਬਦੀ ਉਹਨਾਂ ਪੁਰਸ਼ਾਂ ਦੇ ਅੰਦਰ ਦਾਖ਼ਲ ਕੀਤਾ ਜਾਂਦਾ ਹੈ ਜਿਹੜੇ ਇਸ ਤੋਂ ਬਚਣਾ ਚਾਹੁੰਦੇ ਹਨ। ਖਾਸ ਕਰ ਕੇ ਰੇਲ ਦੇ ਸਫਰ ਵਿਚ ਜਦੋਂ ਮਨੁਖ ਸਰਦੀਆਂ ਦੀ ਰਾਤ ਵਿਚ ਸਫਰ ਕਰ ਰਿਹਾ ਹੋਵੇ, ਦਰਵਾਜ਼ੇ ਖਿੜਕੀਆਂ ਬੰਦ ਹੁੰਦੇ ਹਨ, ਸਿਗਰਟ-ਨੋਸ਼ ਲੋਕ ਧੂੰਏਂ ਨਾਲ ਸਾਰਾ ਡੱਬਾ ਹੀ ਭਰ ਦੇਂਦੇ ਹਨ। ਕਈ ਵਾਰੀ ਰੇਲ-ਗੱਡੀਆਂ ਵਿਚ ਮੁਸਾਫਰਾਂ ਵਿਚ ਤਕਰਾਰ ਹੋ ਜਾਂਦਾ ਹੈ, ਅਜਿਹਾ ਇਕ ਵਾਕਿਆ ਜਲੰਧਰ ਰੇਲਵੇ ਸਟੇਸ਼ਨ ਤੇ ਹੋਇਆ। ਰੇਲ ਗੱਡੀ ਦੀ ਉਡੀਕ ਵਿਚ ਬੈਠੇ ਮੁਸਾਫਰਾਂ ਵਿਚ ਇਕ ਮਨੁਖ ਸਿਗਰਟ ਪੀ ਰਹਿਆ ਸੀ। ਨਿਹੰਗ ਸਿੰਘ ਨੇ ਕਹਿਆ ਕਿ ਮੇਰੇ ਪਾਸ ਬੈਠ ਕੇ ਨਾ ਪੀ, ਉਸ ਨੇ ਬੰਦ ਕਰਨ ਤੋਂ ਇਨਕਾਰ ਕੀਤਾ। ਤਕਰਾਰ ਹੋ ਪਇਆ, ਨਿਹੰਗ ਸਿੰਘ ਨੇ ਸ੍ਰੀ ਸਾਹਿਬ ਦਾ ਵਾਰ ਕੀਤਾ, ਮੁਸਾਫਰ ਦਾ ਸਿਰ ਧੜ ਨਾਲੋਂ ਵੱਖ ਹੋ ਗਇਆ।

ਪਿਛੇ ਜਿਹੇ ਰਾਜ ਸਭਾ ਵਿਚ ਬੀਬੀ ਰਾਜਿੰਦਰ ਕੌਰ ਮੈਂਬਰ ਰਾਜ ਸਭਾ ਦੇ ਸਵਾਲ ਦੇ ਉੱਤਰ ਵਿਚ ਰੇਲ ਨਾਲ ਸਬੰਧਤ ਵਜ਼ੀਰ ਨੇ ਦਸਿਆ ਸੀ ਕਿ ਸਰਕਾਰ ਵਿਚਾਰ ਕਰ ਰਹੀ ਹੈ ਕਿ ਹਰ ਰੇਲ ਗੱਡੀ ਨਾਲ ਇਕ ਡੱਬਾ ਲਗਾਇਆ ਜਾਏ ਜਿਸ ਵਿਚ ਸਿਗਰਟ ਵਾਲੇ ਨਾ ਬੈਠ ਸਕਣ। ਇਹ ਉੱਤਰ ਸੁਣ ਕੇ ਹੈਰਾਨੀ ਹੋਈ ਕਿ ਸਾਡੇ ਦੇਸ਼ ਦੇ ਹੁਕਮਰਾਨਾਂ ਦੀ ਸੋਚਣੀ ਕੀ ਹੈ।

ਲੋੜ ਤਾਂ ਇਸ ਗੱਲ ਦੀ ਹੈ ਕਿ ਰੇਲ ਗੱਡੀਆਂ ਵਿਚ ਤਮਾਕੂ ਸਿਗਰਟ-ਨੋਸ਼ੀ ਬੰਦ ਕੀਤੀ ਜਾਏ। ਜੇਕਰ ਪੀਣ ਵਾਲਿਆਂ ਨੂੰ ਸਹੂਲਤ ਦੇਣੀ ਹੈ ਤਾਂ ਉਹਨਾਂ ਲਈ ਗੱਡੀ ਨਾਲ ਇਕ ਵੱਖਰਾ ਡੱਬਾ ਲਗਾ ਦਿਓ, ਜਿਸ ਵਿਚ ਸਿਗਰਟ ਪੀਣ ਵਾਲੇ ਬੈਠ ਸਕਣ, ਬਾਕੀ ਸਾਰੀ ਗੱਡੀ ਵਿਚ ਬਿਲਕੁਲ ਪਾਬੰਦੀ ਹੋਣੀ ਚਾਹੀਦੀ ਹੈ।

ਤਮਾਕੂ-ਨੋਸ਼ੀ ਦੇ ਵਿਰੁਧ ਦੂਸਰੇ ਦੇਸ਼ਾਂ ਵਾਂਗੂ ਭਾਰਤ ਸਰਕਾਰ ਨੂੰ ਸੋਚਣਾ ਚਾਹੀਦਾ ਹੈ। ਛੇਤੀ ਤੋਂ ਛੇਤੀ ਜਗਤ ਜੂਠ ਤਮਾਕੂ, ਜੋ ਕੈਂਸਰ ਵਰਗੇ ਰੋਗ ਪੈਦਾ ਕਰਦਾ ਹੈ, ਉਸਦਾ ਪ੍ਰਚਾਰ ਸਿਗਰਟ ਕੰਪਨੀਆਂ ਅਖਬਾਰਾਂ ਇਸ਼ਤਿਹਾਰਾਂ ਰਾਹੀਂ ਕਰਦੀਆਂ ਹਨ, ਮਨਾਹੀ ਦੇ ਹੁਕਮ ਦੇਣੇ ਚਾਹੀਦੇ ਹਨ। ਤਮਾਕੂ ਸਿਗਰਟ ਜਨਤਕ ਥਾਵਾਂ ਤੇ ਪੀਣ ਦੀ ਮਨਾਹੀ ਕਰਨੀ ਚਾਹੀਦੀ ਹੈ। ਮਨਾਹੀ ਦੇ ਹੁਕਮ ਉਤੇ ਸਖਤੀ ਨਾਲ ਵਰਤੋਂ ਕਰਕੇ ਇਸ ਲਾਹਨਤ ਨੂੰ ਰੋਕਿਆ ਜਾ ਸਕਦਾ ਹੈ। ਭਾਰਤ ਵਿਚ ਵਸਣ ਵਾਲੇ ਲੋਕ ਕਈ ਧਰਮਾਂ, ਵਰਨਾਂ ਵਿਚ ਵੰਡੇ ਹੋਏ ਹਨ। ਉਹਨਾਂ ਨੂੰ ਚਾਹੀਦਾ ਹੈ ਕਿ ਧਾਰਮਕ ਤੇ ਵਿਦਿਅਕ ਸੰਸਥਾਵਾਂ ਰਾਹੀਂ ਮਤੇ ਪਾਸ ਕਰਕੇ, ਵਿਅਕਤੀ ਤੌਰ ਤੇ ਚਿੱਠੀਆਂ ਲਿਖ ਕੇ ਭਾਰਤ ਸਰਕਾਰ ਤੇ ਜ਼ੋਰ ਪਾਇਆ ਜਾਏ ਕਿ ਸਾਰੇ ਦੇਸ਼ ਵਿਚ ਜਨਤਕ ਥਾਵਾਂ ਤੇ ਤਮਾਕੂ ਸਿਗਰਟ ਪੀਣ ਤੇ ਪਾਬੰਦੀ ਲਾਈ ਜਾਵੇ।



www.AKJ.Org

# ਸਿੱਖ ਸ਼ਹੀਦਾਂ ਦੀਆਂ ਅਦੁੱਤੀ ਕੁਰਬਾਨੀਆਂ

(ਸ: ਸਰੂਪ ਸਿੰਘ ਜੀ ਅਲਗ, ਭਾਸ਼ਾ ਅਫਸਰ, ਪਟਿਆਲਾ]

ਅਮਰੀਕਾ ਦੇ ਇਕ ਸ਼ਹਿਰ ਵਿਚ, ਸੜਕ ਤੇ ਜਾਂਦੇ ਇਕ ਸਿੱਖ ਕੋਲੋਂ ਲੰਘਦੇ ਦੋ ਪਾਦਰੀਆਂ ਨੇ ਉਸ ਨੂੰ ਕਿਹਾ ਕਿ ਤੁਸੀਂ ਪਾਗਲ ਓ। ਇਹ ਗੱਲ ਸੁਣ ਕੇ ਸਿੱਖ ਸਿਰ ਨੀਵੀਂ ਪਾਈ ਲੰਘ ਗਿਆ। ਕੁਝ ਅਗੇ ਜਾਣ ਤੇ ਉਸ ਦਾ ਮੇਲ ਫਿਰ ਉਨ੍ਹਾਂ ਦੋ ਪਾਦਰੀਆਂ ਨਾਲ ਹੋਇਆ ਤੇ ਉਨਾਂ ਨੇ ਉਸ ਨੂੰ ਹੋਰ ਜ਼ੋਰ ਨਾਲ ਕਿਹਾ ਕਿ ਤੁਸੀਂ ਪਾਗ਼ਲ ਓ। ਸਿੱਖ ਇਹ ਗੱਲ ਬਰਦਾਸ਼ਤ ਨਾ ਕਰ ਸਕਿਆ ਅਤੇ ਉਸ ਨੇ ਗੁੱਸੇ ਵਿਚ ਆ ਕੇ ਉਨ੍ਹਾਂ ਦੋਹਾਂ ਕੋਲੋਂ ਪੁਛਿਆ ਕਿ ਉਨ੍ਹਾਂ ਨੂੰ ਅਜਿਹਾ ਕਹਿਣ ਦਾ ਕੀ ਹੱਕ ਹੈ।

ਪਾਦਰੀਆਂ ਨੇ ਬੜੀ ਸੰਜੀਦਗੀ ਨਾਲ ਸਿੱਖ ਦੀ ਗੱਲ ਟੋਕ ਕੇ ਕਿਹਾ ਕਿ ਸਾਡਾ ਇਕ ਸ਼ਹੀਦ ਹੋਇਆ ਹੈ ਤਾਂ ਅਸੀਂ ਅੱਧੀ ਦੁਨੀਆਂ ਈਸਾਈ ਧਰਮ ਹੇਠ ਲੈ ਆਂਦੀ ਹੈ, ਤੁਹਾਡੇ ਧਰਮ ਵਿਚ ਸ਼ਹੀਦਾਂ ਦੀ ਹੇੜ ਹੈ, ਪਰ ਤੁਸੀਂ ਕਿਸੇ ਨੂੰ ਦਸਦੇ ਵੀ ਨਹੀਂ। ਅਸੀਂ ਸਿੱਖ ਧਰਮ ਦਾ ਅਧਿਐਨ ਕਰ ਕੇ ਦੰਗ ਰਹਿ ਗਏ ਹਾਂ ਕਿ ਕਿਵੇਂ ਸਿੱਖ ਗੁਰੂਆਂ ਅਤੇ ਸਿੱਖ ਸੂਰਮਿਆਂ ਨੇ ਧਰਮ ਦੀ ਸ਼ਾਨ ਖਾਤਰ, ਪਵਿੱਤਰਤਾ ਦੀ ਕਾਇਮੀ ਲਈ ਅਤੇ ਅਜਿਹੇ ਅਸੂਲਾਂ ਦੀ ਬਰਕਰਾਰੀ ਖ਼ਾਤਰ ਹੱਸ ਹੱਸ ਕੇ ਆਪਣਾ ਆਪਾ ਵਾਰਿਆ ਅਤੇ ਮੌਤ ਨੂੰ ਇਕ ਖੇਡ ਜਾਣ ਕੇ ਅਦੁੱਤੀ ਨਿਡਰਤਾ ਦਾ ਸਬੂਤ ਦਿਤਾ ਹੈ। ਸਿੱਖ ਇਤਿਹਾਸ ਦੇ ਸ਼ਹੀਦੀ ਕਾਂਡਾਂ ਨੂੰ ਪੜ੍ਹ ਕੇ ਕਿਧਰੇ ਇਕ ਵੀ ਅਜਿਹੀ ਮਿਸਾਲ ਨਹੀਂ ਮਿਲਦੀ ਜਿਥੇ ਗੁਰੂ ਦੇ ਸਿੱਖ ਨੇ ਅਸੂਲਾਂ ਦੀ ਖ਼ਾਤਰ ਬਲੀ ਦੇਣ ਤੋਂ ਗੁਰੇਜ਼ ਕਰ ਕੇ ਜ਼ਿੰਦਗੀ ਨਾਲ ਪਿਆਰ ਕੀਤਾ ਹੋਵੇ। ਤੁਹਾਡੇ ਗੁਰੂਆਂ ਨੇ ਖ਼ੁਦ ਸ਼ਹੀਦੀ ਜਾਮ ਨੋਸ਼ ਕਰਕੇ ਸਿੱਖਾਂ ਵਿਚ ਸ਼ਹੀਦੀ ਦੀ ਪਿਰਤ ਪਾਈ। ਇਤਨਾ ਅਨਮੋਲ ਖ਼ਜ਼ਾਨਾ ਤੁਹਾਡੇ ਪਾਸ ਹੈ। ਤੁਹਾਡੇ ਇਤਿਹਾਸ ਵਿਚ ਖੂਨੀ ਪੰਨੇ ਕਾਲੇ ਪੰਨਿਆਂ ਨਾਲੋਂ ਕਿਤੇ ਵਧੇਰੇ ਹਨ। ਪਰ ਅਫਸੋਸ ਦੀ ਗੱਲ ਹੈ ਕਿ ਤੁਸੀਂ ਇਤਨੀ ਮਹਾਨ ਵਿਰਾਸਤ ਦੇ ਮਾਲਕ ਹੋ ਕੇ ਵੀ ਲੁਕੇ ਛਿਪੇ ਰਹਿ ਰਹੇ ਹੋ, ਤੇ ਤੁਹਾਡੇ ਵਡਮੁੱਲੇ ਧਰਮ ਅਤੇ ਅਦੁੱਤੀ ਸ਼ਹੀਦੀ ਸਾਕਿਆਂ ਬਾਰੇ ਅੱਜ ਪੜ੍ਹਿਆ ਲਿਖਿਆ ਭਾਈਚਾਰਾ ਵੀ ਅਨਜਾਣ ਹੈ। ਇਸ ਗੱਲ ਨੂੰ ਸਾਹਮਣੇ ਰੱਖਦੇ ਹੋਏ ਜੇ ਅਸੀਂ ਤੁਹਾਨੂੰ ਪਾਗ਼ਲ ਕਹਿੰਦੇ ਹਾਂ ਤਾਂ ਦੱਸੋ ਅਸੀਂ ਕੀ ਜੁਰਮ ਕੀਤਾ ਹੈ? ਸੰਸਾਰ ਵਿਚ ਆਤਮਕ ਭਟਕਣਾ ਵਧ ਰਹੀ ਹੈ, ਜਿਸ ਪਾਸ ਜੋ ਜੋ ਦੇਣ ਲਈ ਹੈ, ਉਹ ਸਭ ਦੇ ਸਾਹਮਣੇ ਪ੍ਰਗਟ ਕਰ ਰਿਹਾ ਹੈ। ਤੁਸੀਂ ਇਸ ਖੇਤਰ ਵਿਚ ਸਭ ਤੋਂ ਅਮੀਰ ਹੋ, ਪਰ ਲਗਦੇ ਕੰਜੂਸ ਹੋ।

ਇਹ ਗੱਲਾਂ ਬੜੀਆਂ ਕੌੜੀਆਂ ਹੋਣ ਦੇ ਬਾਵਜੂਦ ਜਰਨ ਤੋਂ ਬਿਨਾ ਚਾਰਾ ਨਹੀਂ ਸੀ, ਕਿਉਂਕਿ ਇਹ ਸੱਚ ਹੈ ਕਿ ਜਿਤਨੇ ਸ਼ਹੀਦ ਸਿੱਖ ਕੌਮ ਨੇ ਪੈਦਾ ਕੀਤੇ ਹਨ ਉਤਨੇ ਕਿਸੇ ਹੋਰ ਨੂੰ ਨਸੀਬ ਨਹੀਂ ਹੋਏ।

ਸ਼ਹੀਦੀ ਦੇਣ ਦੀ ਪ੍ਰਥਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚਲਾਈ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਇਸ ਨੂੰ ਹੋਰ ਦ੍ਰਿੜ੍ਹ ਕਰਵਾਇਆ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮਾਸੂਮ ਬੱਚਿਆਂ ਅਤੇ ਬਿਰਧ ਮਾਤਾ ਦੀ ਸ਼ਹਾਦਤ ਦਿਵਾ ਕੇ ਇਹ ਸਾਬਤ ਕਰ ਦਿਤਾ ਕਿ ਧਰਮ ਲਈ ਮਰਨਾ ਸੂਰਮਿਆਂ ਦਾ ਹੱਕ ਹੈ। ਅਜਿਹੀ ਠੋਸ ਤੇ ਮਜ਼ਬੂਤ ਨੀਂਹ ਤੇ ਸ਼ਹੀਦੀਆਂ ਦਾ ਜਿਹੜਾ ਮਹਿਲ ਉਸਾਰਿਆ, ਉਸਦਾ ਸਾਨੀ ਕੋਈ ਨਹੀਂ। ਗੁਰੂ ਦੇ ਦੁਲਾਰਿਆਂ ਨੇ ਹੱਸ ਹੱਸ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ, ਚਰਖੜੀਆਂ ਤੇ ਚੜ੍ਹੇ, ਬੰਦ ਬੰਦ ਕਟਵਾਏ, ਆਰਿਆਂ ਨਾਲ ਤਨ ਚਿਰਵਾਏ, ਖੋਪਰੀਆਂ ਉਤਰਵਾਈਆਂ, ਜੀਂਦੇ ਅੱਗ ਵਿਚ ਸਾੜੇ ਗਏ, ਕੀਮਾ ਕੀਮਾ ਕੀਤੇ ਗਏ, ਪਰ ਉਨ੍ਹਾਂ 'ਸੀ' ਨਹੀਂ ਕੀਤੀ। 'ਵਾਹਿਗੁਰੂ' 'ਵਾਹਿਗੁਰੂ' ਕਰਦੇ ਅਕਾਲ ਪੁਰਖ ਦਾ ਭਾਣਾ ਮੰਨ ਕੇ ਚੋਜੀ ਪਿਤਾ ਦੀ ਗੋਦ ਵਿਚ ਜਾ ਬਿਰਾਜੇ।

ਕੁਝ ਸਾਲ ਪਹਿਲਾਂ ਮੈਂ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਗਿਆ। ਗੁਰਦਵਾਰਾ ਸਾਹਿਬ ਦੀ ਉਤਲੀ



www.AKJ.Org

ਮੰਚਲ ਵਿਚ ਸਿੱਖ ਸ਼ਹੀਦਾਂ ਦੇ ਕੁਝ ਚਿੱਤਰ ਲੱਗੇ ਹੋਏ ਸਨ। ਦਰਸ਼ਕਾਂ ਵਿਚ ਇਕ ਮਦਰਾਸੀ ਪਰਵਾਰ ਵੀ ਸੀ, ਜਿਸ ਦਾ ਮੋਢੀ ਇਨਕਮ ਟੈਕਸ ਦੇ ਮਹਿਕਮੇ ਵਿਚ ਵੱਡਾ ਅਫਸਰ ਸੀ। ਮੈਂ ਉਨ੍ਹਾਂ ਦੀ ਚਿਤਰਾਂ ਵਿਚ ਦਿਲਚਸਪੀ ਵੇਖ ਕੇ ਬੇਨਤੀ ਕੀਤੀ ਕਿ ਜੇ ਉਹ ਚਾਹੁਣ ਤਾਂ ਮੈਂ ਉਨ੍ਹਾਂ ਨੂੰ ਸ਼ਹੀਦੀ ਸਾਕਿਆਂ ਨਾਲ ਸੰਬੰਧਤ ਚਿਤਰਾਂ ਦਾ ਸੰਖੇਪ ਵਿਚ ਇਤਿਹਾਸ ਦੱਸ ਸਕਦਾ ਹਾਂ। ਉਨ੍ਹ ਮੇਰੀ ਬੇਨਤੀ ਖੁਸ਼ੀ ਨਾਲ ਪ੍ਰਵਾਨ ਕੀਤੀ। ਫਿਰ ਉਨ੍ਹਾਂ ਭਾਈ ਮਨੀ ਸਿੰਘ ਦੇ ਬੰਦ ਬੰਦ ਕੱਟਦੇ ਵੇਖੇ, ਭਾਈ ਤਾਰੂ ਸਿੰਘ ਦੀ ਖੋਪਰੀ ਉਤਾਰਨ ਦਾ ਕਾਰਨ ਸੁਣਿਆ, ਚਰਖੜੀਆਂ ਤੇ ਭੰਨੇ ਤੋੜੇ ਜਾ ਰਹੇ ਸਿੰਘਾਂ ਦੇ ਸਿਦਕ ਦੇ ਦਰਸ਼ਨ ਕੀਤੇ ਤਾਂ ਚਕ੍ਰਿਤ ਰਹਿ ਗਏ। ਪਰਵਾਰ ਨਾਲ ਸੰਬੰਧਤ ਬੱਚਿਆਂ ਵਿਚੋਂ ੨੦ ਕੁ ਸਾਲ ਦੀ ਜਵਾਨ ਲੜਕੀ ਮੇਰੇ ਵਲੋਂ ਤਿੰਨ ਚਾਰ ਚਿੱਤਰਾਂ ਦੀ ਵਿਆਖਿਆ ਸੁਣ ਕੇ ਚੀਕਾਂ ਮਾਰਨ ਲਗ ਪਈ ਅਤੇ ਉਸ ਰੋਂਦੀ ਰੋਂਦੀ ਨੇ ਕਿਹਾ, ਇਤਨਾ ਘੋਰ ਪਾਪ ਮੈਂ ਨਹੀਂ ਦੇਖ ਸਕਦੀ, ਸੁਣ ਨਹੀਂ ਸਕਦੀ। ਉਸ ਦੇ ਪਿਤਾ ਨੇ ਚਿਤਰਸ਼ਾਲਾ ਤੋਂ ਬਾਹਰ ਨਿਕਲਦਿਆਂ ਆਪਣੇ ਅੱਥਰੂ ਪੂੰਝਦੇ ਹੋਏ ਮੈਨੂੰ ਕਿਹਾ, ਮੈਂ ਤਾਂ ਸਿੱਖਾਂ ਨੂੰ ਚੰਗੇ ਡਰਾਈਵਰ ਹੀ ਸਮਝਦਾ ਸਾਂ, ਅਜ ਪਤਾ ਲੱਗਾ ਹੈ ਕਿ ਇਹ ਤਾਂ ਬਿਹਤਰੀਨ ਧਾਰਮਕ ਸੂਰਮੇ ਹਨ, ਜਿਹੜੇ ਦੂਜੇ ਦੇ ਹਿੱਤਾਂ ਦੀ ਰਾਖੀ ਲਈ ਬੇਹਿਸਾਬੇ ਜਫਰ ਜਾਲਦੇ ਰਹੇ ਹਨ ਤੇ ਤਸੀਹੇ ਝੱਲਦੇ ਰਹੇ ਹਨ।

'ਤੇਰਾ ਭਾਣਾ ਮੀਠਾ ਲਾਗੇ' ਦੀ ਭਾਵਨਾ ਨੂੰ ਸਿੱਖ ਸ਼ਹੀਦਾਂ ਨੇ ਇੰਨ ਬਿੰਨ ਅਪਣਾਇਆ ਹੈ। ਜਦ ਭਾਈ ਮਨੀ ਸਿੰਘ ਦੇ ਬੰਦ ਬੰਦ ਕੱਟਣ ਲਈ ਹੁਕਮ ਹੋਇਆ ਤਾਂ ਉਹਨਾਂ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਅਦਾ ਕੀਤਾ ਕਿ ਉਸ ਨੇ ਇਸ ਨਿਮਾਣੇ ਜਿਹੇ ਮਨੁੱਖ ਤੇ ਇਤਨੀ ਭਰਵੀਂ ਦ੍ਰਿਸ਼ਟੀ ਪਾਈ ਹੈ ਕਿ ਉਸ ਦੇ ਅੰਗ ਅੰਗ ਦਾ ਖ਼ਿਆਲ ਰਖਿਆ ਗਿਆ ਹੈ। ਸ਼ਹੀਦੀ ਸ਼ੁਰੂ ਹੋਣ ਲੱਗੀ ਤਾਂ ਜੱਲਾਦ ਨੇ ਭਾਈ ਸਾਹਿਬ ਦਾ ਪੂਰਾ ਹੱਥ ਵੱਢਣ ਲਈ ਲਗੜ ਤੇ ਰਖਿਆ। ਭਾਈ ਸਾਹਿਬ ਨੇ ਉਸ ਨੂੰ ਕਿਹਾ, 'ਜ਼ਰਾ ਰੁਕ ਜਾ।' ਜੱਲਾਦ ਨੇ ਸਮਝਿਆ ਕਿ ਸ਼ਾਇਦ ਭਾਈ ਸਾਹਿਬ ਘਬਰਾ ਗਏ ਹਨ। ਉਹ ਰੁਕਿਆ ਤੇ ਭਾਈ ਸਾਹਿਬ ਨੇ ਉਸ ਤੋਂ ਪੁਛਿਆ ਕਿ ਉਹ ਉਹਨਾਂ ਦਾ ਪੂਰਾ ਹੱਥ ਕਿਉਂ ਕੱਟਣ ਲੱਗਾ ਹੈ, ਜਦ ਕਿ ਹੁਕਮ ਬੰਦ ਬੰਦ ਕੱਟਣ ਦਾ ਹੈ ? ਉਹਨਾਂ ਜੱਲਾਦ ਨੂੰ ਕਿਹਾ ਕਿ ਤੂੰ ਆਪਣੇ ਮਾਲਕ ਦਾ ਹੁਕਮ ਮੰਨ ਕੇ ਮੇਰਾ ਬੰਦ ਬੰਦ ਕੱਟ ਤੇ ਮੈਂ ਆਪਣੇ ਮਾਲਕ ਦੇ ਹੁਕਮ ਵਿਚ ਬੰਦ ਬੰਦ ਕਟਵਾ ਕੇ ਅਨੰਦ ਲਵਾਂਗਾ। ਜੱਲਾਦ ਸੁਣ ਕੇ ਹੈਰਾਨ ਹੋ ਗਿਆ ਕਿ ਸ਼ਹੀਦ ਹੋਣ ਵਾਲਾ ਸਿੱਖ ਬੰਦ ਬੰਦ ਕਟਵਾਉਣ ਵਿਚ ਹੀ ਆਨੰਦ ਪ੍ਰਾਪਤ ਕਰ ਰਿਹਾ ਹੈ। ਜਦ ਆਤਮਕ ਤੌਰ ਤੇ ਸ਼ਹੀਦ ਦੀ ਇਹ ਅਵਸਥਾ ਹੋਵੇ ਤਾਂ ਉਸ ਲਈ ਮੌਤ ਦੇ ਕੀ ਅਰਥ ਰਹਿ ਜਾਂਦੇ ਹਨ।

ਹਰ ਕੌਮ ਵਿਚ ਸ਼ਹੀਦ ਹੋਏ ਹਨ, ਕਿਸੇ ਵਿਚ ਥੋੜ੍ਹੇ ਤੇ ਕਿਸੇ ਵਿਚ ਬਹੁਤੇ, ਪਰ ਇਕ ਆਮ ਗੱਲ ਸਭ ਵਿਚ ਇਹ ਰਹੀ ਹੈ ਕਿ ਉਹਨਾਂ ਨੇ ਓਦੋਂ ਸ਼ਹੀਦੀ ਦਿਤੀ ਜਦ ਕਿ ਉਹਨਾਂ ਪਾਸ ਇਸ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਪਰ ਸਿੱਖ ਸ਼ਹੀਦਾਂ ਵਿਚ ਇਸ ਤਰ੍ਹਾਂ ਦੀ ਮਜਬੂਰੀ ਆਮ ਕਰਕੇ ਨਹੀਂ ਸੀ। ਉਹਨਾਂ ਲਈ ਚਾਇਸ (ਚੋਣ) ਵੀ ਸੀ, ਜਿਵੇਂ ਜਾਂ ਤਾਂ ਮੁਸਲਮਾਨ ਬਣ ਕੇ ਸਤਿਕਾਰ ਯੋਗ ਹਸਤੀ ਦੇ ਮਾਲਕ ਬਣ ਜਾਓ ਜਾਂ ਸ਼ਹੀਦ ਹੋਵੋ। ਗੁਰੂ ਤੇਗ਼ ਬਹਾਦਰ ਜੀ ਨੂੰ ਇਵੇਂ ਕਿਹਾ ਗਿਆ, ਗੁਰੂ ਗੋਬਿੰਦ ਸਿੰਘ ਜੀ ਦੇ ਬੱਚਿਆਂ ਨੂੰ ਬਹੁਤ ਲਾਲਚ ਦਿਤੇ ਗਏ ਤੇ ਇਹ ਵੀ ਕਿਹਾ ਗਿਆ ਕਿ ਦੁਨੀਆ ਦੇ ਸਭ ਸੁਖ ਸਾਧਨ ਉਹਨਾਂ ਅਗੇ ਨਿਛਾਵਰ ਕਰ ਦਿਤੇ ਜਾਣਗੇ ਜੇਕਰ ਉਹ ਇਸਲਾਮ ਨੂੰ ਕਬੂਲ ਕਰ ਲੈਣ। ਅਜਿਹੇ ਹੀ ਲਾਲਚ ਬੇਸ਼ੁਮਾਰ ਸਿੱਖ ਸ਼ਹੀਦਾਂ ਨੂੰ ਸ਼ਹੀਦੀ ਤੋਂ ਪਹਿਲਾਂ ਦਿਤੇ ਜਾਂਦੇ ਰਹੇ, ਪਰ ਧਰਮ ਦੀ ਜੋਤਿ ਨੂੰ ਪ੍ਰਜਵਲਤ ਰੱਖੀ ਰੱਖਣ ਵਾਲੇ ਸੂਰਮਿਆਂ ਨੇ ਜ਼ਾਲਮ ਦੇ ਜ਼ੁਲਮ ਨੂੰ ਹੀ ਪਰਵਾਨ ਕੀਤਾ, ਉਸ ਦੀਆਂ ਰਹਿਮਤਾਂ, ਬਰਕਤਾਂ, ਬਖ਼ਸ਼ਿਸ਼ਾਂ ਤੇ ਸਹੂਲਤਾਂ ਨੂੰ ਨੀਚ ਤੇ ਨਿਗੂਣੀਆਂ ਸਮਝ ਕੇ ਠੁਕਰਾ ਦਿਤਾ। ਕਈਆਂ ਨੇ ਜ਼ਾਲਮ ਹੁਕਮਰਾਨਾਂ ਨੂੰ ਕੋਰਾ ਜਵਾਬ ਦੇਂਦਿਆਂ ਕਿਹਾ ਕਿ ਕੀ ਇਹ ਨਿਹਮਤਾਂ ਪ੍ਰਾਪਤ ਕਰ ਕੇ ਉਹ ਸੁਖੀ ਜੀਵਨ ਜੀਣ ਮਗਰੋਂ ਮਰਨਗੇ ਨਹੀਂ ? ਤੇ ਜੇ ਫਿਰ ਵੀ ਮਰਨਾ ਹੈ ਤਾਂ ਰੱਬ ਦੀ ਦਰਗਾਹ ਵਿਚ ਹਾਰੇ ਜਵਾਰੀਏ ਵਾਂਗ ਜਾ ਕੇ ਕੀ ਮੂੰਹ ਦੇਵਾਂਗੇ ? ਇਸ ਸੰਕਲਪ ਨੂੰ ਸਾਹਮਣੇ



www.AKJ.Org

ਰੱਖ ਕੇ ਹੀ ਸਾਰੀਆਂ ਸ਼ਹੀਦੀਆਂ ਹੋਈਆਂ, ਚਾਹੇ ਉਹ ਭਾਈ ਦਿਆਲਾ ਜੀ ਦੀ ਸੀ, ਕੂਕੇ ਸਿੱਖਾਂ ਦੀ ਸੀ, ਆਜ਼ਾਦੀ ਲਈ ਜਾਨਾਂ ਦੇਣ ਵਾਲੇ ਸੂਰਮਿਆਂ ਊਧਮ ਸਿੰਘ, ਭਗਤ ਸਿੰਘ ਜਾਂ ਕਰਤਾਰ ਸਿੰਘ ਸਰਾਭਾ ਦਾ ਸੀ।

ਇਹ ਕੁਰਬਾਨੀਆਂ ਦੇਣ ਦਾ ਸਿਲਸਿਲਾ ਬਦਸਤੂਰ ਜਾਰੀ ਹੈ ਤੇ ਹਾਲੇ ਤਾਂ ਕੱਲ੍ਹ ਦੀ ਗੱਲ ਹੈ ੧੩ ਸਿੰਘਾਂ ਨੇ ੧੩ ਅਪ੍ਰੈਲ ੧੯੭੮ ਨੂੰ ਅੰਮ੍ਰਿਤਸਰ ਵਿਖੇ ਆਪਣੇ ਧਰਮ ਦੀ ਨਿਰਾਦਰੀ ਨਾ ਸਹਿਨ ਕਰਦਿਆਂ ਹੋਇਆਂ ਸ਼ਹੀਦੀਆਂ ਪ੍ਰਾਪਤ ਕਰ ਕੇ ਇਹ ਯਾਦ ਤਾਜ਼ਾ ਕਰ ਦਿਤੀ ਹੈ ਕਿ ਨੇਕੀ ਦੀ ਖਾਤਰ ਸਿਖ ਦਾ ਸ਼ਹੀਦ ਹੋਣਾ ਹੀ ਉਸ ਦੀ ਜ਼ਿੰਦਗੀ ਹੈ। ਗੁਰੂ ਦਾ ਸਿੱਖ ਅਜਿਹੀ ਸ਼ਹੀਦੀ ਦਾ ਜਾਮ ਨੋਸ਼ ਕਰ ਕੇ ਅਮਰ ਹੋ ਜਾਂਦਾ ਹੈ। ਅਮਰ ਸ਼ਹੀਦਾਂ ਦੀ ਇਹ ਕੌਮ ਜਿਥੇ ਆਪਣੇ ਧਾਰਮਿਕ ਭੰਡਾਰੇ ਤੇ ਏਨਾ ਮਾਣ ਕਰਦੀ ਹੈ ਉਥੇ ਆਪਣੇ ਸ਼ਹੀਦਾਂ ਦੇ ਸੋਹਲੇ ਗਾ ਗਾ ਕੇ ਵੀ ਉਹਨਾਂ ਨੂੰ ਖ਼ੈਰਾਜੇ-ਅਕੀਦਤ ਪ੍ਰਦਾਨ ਕਰਨ ਵਿਚ ਫ਼ਖ਼ਰ ਮਹਿਸੂਸ ਕਰਦੀ ਹੈ। ਲੋੜ ਇਹਨਾਂ ਸੂਰਬੀਰੀ ਕਾਰਨਾਮਿਆਂ ਨੂੰ ਸੰਸਾਰ ਦੇ ਹਰ ਵਰਗ ਅੱਗੇ ਰੱਖ ਕੇ ਉਸ ਨੂੰ ਸੋਝੀ ਕਰਵਾਣ ਦੀ ਹੈ ਕਿ ਨੇਕੀ ਦੀਆਂ ਕਦਰਾਂ ਦੀ ਕਾਇਮੀ ਲਈ ਸੂਰਮਿਆਂ ਵਾਂਗ ਸ਼ਹੀਦ ਹੋਣਾ ਇਕ ਆਵੱਸ਼ਕਤਾ ਹੈ, ਜਿਸ ਨੂੰ ਸਿੱਖ ਭਲੀ ਪਰਕਾਰ ਜਾਣਦੇ ਹੋਏ ਪਿਛਲੇ ਚਾਰ ਪੰਜ ਸੌ ਸਾਲਾਂ ਤੋਂ ਅਮਲ ਕਰਦੇ ਆ ਰਹੇ ਹਨ। ਅਕਾਲੀ ਪੱਤ੍ਰਕਾ 22-9-80

---

**ਧਰਮ ਯੁਧ ਮੋਰਚਾ**—ਸਿੱਖ ਧਰਮ ਦੀਆਂ ਹੱਕੀ ਮੰਗਾਂ ਦੀ ਪੂਰਤੀ ਲਈ ਸ਼ਰੋਮਣੀ ਅਕਾਲੀ ਦਲ ਨੇ ਜੋ ੪ ਅਗਸਤ ਤੋਂ ਸ਼ਾਂਤਮਈ ਮੋਰਚਾ ਲਾਇਆ ਹੋਇਆ ਹੈ ਉਸ ਵਿਚ ਅਕਾਲੀ ਦਲ ਵਲੋਂ ਦਸੇ ਗਏ ਅੰਕੜਿਆਂ ਅਨੁਸਾਰ ੨੦ ਅਕਤੂਬਰ ਤਕ ੩੯੯੭੫ ਗ੍ਰਿਫਤਾਰੀਆਂ ਦਿਤੀਆਂ ਜਾ ਚੁਕੀਆਂ ਹਨ।

**ਅੰਮ੍ਰਿਤਸਰ ਵਿਖੇ ਕੁਝ ਸ਼ਰਾਰਤੀ ਅਨਸਰ ਵਲੋਂ ਹਿੰਸਕ ਘਟਨਾਵਾਂ--ਸੰਤ ਲੌਂਗੋਵਾਲ ਦਾ ਬਿਆਨ**

ਅੰਮ੍ਰਿਤਸਰ ੧੯ ਅਕਤੂਬਰ—ਅਕਾਲੀ ਦਲ ਦੇ ਪਰਧਾਨ ਅਤੇ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ੧੮ ਅਕਤੂਬਰ ਨੂੰ ਅੰਮ੍ਰਿਤਸਰ ਵਿਚ ਜੋ ਕੁਝ ਹੋਇਆ ਉਹ ਇਕ ਗਿਣੀ ਮਿਥੀ ਸਾਜ਼ਸ਼ ਸੀ, ਜੋ ਪੁਲਸ ਅਤੇ ਸਰਕਾਰ ਦੇ ਜ਼ਰ-ਖਰੀਦ ਗੁੰਡਾ ਅਨਸਰ ਨੇ ਮਿਲ ਕੇ ਕੀਤੀ।... ਅਕਾਲੀ ਸੰਗਰਾਮੀਏ ਆਪਣੀ ਜਦੋ ਜਹਿਦ ਨੂੰ ਪਾਰਟੀ ਦੇ ਆਦੇਸ਼ਾਂ ਅਨੁਸਾਰ ਪੁਰ-ਅਮਨ ਰਖਣ ਲਈ ਵਚਨ-ਬਧ ਹਨ। ਉਹਨਾਂ ਨੇ ਕਿਹਾ ਕਿ ਅਕਾਲੀ ਦਲ ਦੇ ਦਫਤਰ ਨੂੰ ਸੂਚਨਾ ਮਿਲੀ ਹੈ ਕਿ ਕੁਝ ਸ਼ਰਾਰਤੀ ਅਨਸਰ ਅਤੇ ਕੁਝ ਸ਼ਹਿਰੀ ਕਾਂਗਰਸੀ ਨੌਜਵਾਨ, ਜਿਨ੍ਹਾਂ ਦੀ ਗਿਣਤੀ ਗਿਆਰਾਂ ਬਾਰਾਂ ਦਸੀ ਜਾਂਦੀ ਹੈ, ਇਕ ਬਸ ਨੂੰ ਜ਼ਬਰਦਸਤੀ ਦਰਬਾਰ ਸਾਹਿਬ ਵਲ ਲਿਆ ਰਹੇ ਸਨ। ਇਹ ਬਸ ਕੋਤਵਾਲੀ ਦੇ ਨੇੜੇ ਪੁਜ ਕੇ ਖਰਾਬ ਹੋ ਗਈ ਤਾਂ ਸ਼ਰਾਰਤੀਆਂ ਨੇ ਇਸ ਨੂੰ ਧਕੇ ਲਗਾ ਕੇ ਬ੍ਰਹਮਬੂਟਾ ਮਾਰਕੀਟ ਨੇੜੇ ਸ੍ਰੀ ਦਰਬਾਰ ਸਾਹਿਬ ਲਿਆਂਦਾ ਅਤੇ ਅੱਗ ਲਗਾ ਦਿਤੀ। ਵਰਨਣ ਯੋਗ ਹੈ ਕਿ ਦਾੜ੍ਹੀ-ਕਟੇ ਨੌਜਵਾਨ ਨਿਹੰਗਾਂ ਦੇ ਬਾਣੇ ਵਿਚ ਬਹੁਰੂਪੀਏ ਬਣੇ ਹੋਏ ਸਨ ਅਤੇ ਪੁਲੀਸ ਇਹ ਤਮਾਸ਼ਾ ਆਪਣੀਆਂ ਅੱਖਾਂ ਸਾਹਮਣੇ ਦੇਖਦੀ ਰਹੀ। ਸ਼ਰਾਰਤੀ ਅਨਸਰ ਨੇ ਫਿਰ ਸਿੱਖਾਂ ਦੀਆਂ ਹੀ ਦੁਕਾਨਾਂ ਲੁਟਣੀਆਂ ਸ਼ੁਰੂ ਕੀਤੀਆਂ।......ਸੰਤ ਜੀ ਨੇ ਹੋਰ ਕਿਹਾ ਕਿ ਇੰਦਰਾ ਗਾਂਧੀ ਦਾ ਇਹ ਦੋਸ਼ ਗ਼ਲਤ ਹੈ ਕਿ ਅਕਾਲੀ ਸਤਿਆਗ੍ਰਹੀਆਂ ਵਲੋਂ ਕਿਸੇ ਤਰ੍ਹਾਂ ਦਾ ਤਸ਼ੱਦਦ ਕੀਤਾ ਗਿਆ ਹੈ, ਜਦ ਕਿ ਅਸਲੀਅਤ ਤਾਂ ਇਹ ਹੈ ਕਿ ਰਾਤ ਦੇ ਦੋ ਵਜੇ ਸੁਤੇ ਹੋਏ ਅਕਾਲੀਆਂ ਨੂੰ ਜਬਰੀ ਘਸੀਟਣਾ, ਲਾਠੀਆਂ ਮਾਰਨਾ, ਅੱਥਰੂ ਗੈਸ ਛਡਣਾ, ਤਿੰਨ ਕਪੜਿਆਂ ਚਿ (ਜੇਲ੍ਹੋਂ) ਬਾਹਰ ਧਕੇਲਿਆ ਜਾਣਾ ਕਿਸੇ ਤਸ਼ੱਦਦ ਤੋਂ ਘਟ ਨਹੀਂ ਹੈ। ਇਤਨੀ ਭੜਕਾਹਟ ਦੇ ਬਾਵਜੂਦ ਸਿੰਘ ਸ਼ਾਂਤ ਰਹੇ।... ਰੋਜ਼ਾਨਾ 'ਅਜੀਤ', ੨੦ ਅਕਤੂਬਰ ੧੯੮੨

**ਧਰਮ-ਯੁੱਧ ਮੋਰਚੇ ਦੀ ਨਵੀਂ ਰੂਪ-ਰੇਖਾ ਦਾ ਐਲਾਨ ੪ ਨਵੰਬਰ ਨੂੰ ਕੀਤਾ ਜਾਏਗਾ—ਲੌਂਗੋਵਾਲ**

ਅੰਮ੍ਰਿਤਸਰ ਵਿਚ ਜਥਿਆਂ ਦੀ ਗ੍ਰਿਫਤਾਰੀ ਦਾ ਸਿਲਸਿਲਾ ਜਾਰੀ ਰਹੇਗਾ।

ਅਕਾਲੀ ਹਾਈ ਕਮਾਂਡ ਦੀ ਹੰਗਾਮੀ ਮੀਟਿੰਗ ਚਿ ਫ਼ੈਸਲਾ, ਵਰਕਰਾਂ ਨੂੰ ਤਿਆਰੀ ਲਈ ਸਮਾਂ ਦਿਤਾ।

ਸਿਵਲ ਨਾਫੁਰਮਾਨੀ ਅਤੇ ਕੰਮ-ਕਾਜ ਜਾਮ ਕਰਨ ਦਾ ਪ੍ਰੋਗਰਾਮ

੪ ਨਵੰਬਰ ਨੂੰ ਅੰਮ੍ਰਿਤਸਰ ਪੁਜੋ!—ਲੌਂਗੋਵਾਲ ਦੀ ਅਪੀਲ। ਅਕਾਲੀ ਪੱਤ੍ਰਕਾ ੨੧ ਅਕਤੂਬਰ ੧੯੮੨

www.AKJ.Org

# ਨਿਰਗੁਣ ਤੇ ਸਰਗੁਣ ਵਾਹਿਗੁਰੂ

[ਬੀਬੀ ਗੁਰਜੀਤ ਕੌਰ ਬੀ. ਏ., ਫਤਹ ਪੁਰੀ, ਦਿਲੀ]

ਅਕਾਲ ਪੁਰਖ ਦੀ ਹੋਂਦ ਦੋਹਾਂ ਰੂਪਾਂ ਵਿਚ ਹੀ ਨਿਰੂਪਨ ਹੁੰਦੀ ਹੈ, ਇਕ ਨਿਰਗੁਣ ਸਰੂਪ ਤੇ ਦੂਜਾ ਸਰਗੁਣ ਸਰੂਪ। ਆਪਣੇ ਆਪ ਦੇ ਸੰਬੰਧ ਵਿਚ ਅਕਾਲ ਪੁਰਖ ਨਿਰਗੁਣ ਅਖਵਾਂਦਾ ਹੈ। ਵਾਹਿਗੁਰੂ ਦੇ ਇਸ ਸਰੂਪ ਦਾ ਖਿਆਲ ਅਸੀਂ ਉਸ ਹਾਲਤ ਦਾ ਧਿਆਨ ਕਰਕੇ ਬੰਨ੍ਹ ਸਕਦੇ ਹਾਂ, ਜਦੋਂ ਅਕਾਲ ਪੁਰਖ ਨੇ ਅਜੇ ਸ੍ਰਿਸ਼ਟੀ ਸਾਜੀ ਹੀ ਨਹੀਂ ਸੀ। ਅਕਾਲ ਪੁਰਖ ਅਫੁਰ ਅਵਸਥਾ ਵਿਚ ਹੀ ਸਭ ਕੁਝ ਆਪਣੇ ਆਪ ਵਿਚ ਹੀ ਸੀ। ਉਸ ਵੇਲੇ ਉਹ ਨਿਰਗੁਣ ਨਿਰੰਕਾਰ ਵਾਲੀ ਸੁੰਨ-ਸਮਾਧੀ ਅਵਸਥਾ ਵਿਚ ਆਪ ਹੀ ਸੀ।

ਜਦੋਂ ਕੋਈ ਦ੍ਰਿਸ਼ਟਮਾਨ ਅਕਾਰ ਹੀ ਨਹੀਂ ਸੀ ਤਦੋਂ ਪਾਪ ਪੁੰਨ ਕਿਸ ਨੂੰ ਲਗਣੇ ਸਨ। ਜਦੋਂ ਉਹ ਸੁੰਨ-ਸਮਾਧੀ ਦੀ ਅਵਸਥਾ ਵਿਚ ਸੀ ਤੇ ਹੋਰ ਹੈ ਹੀ ਕੁਝ ਨਹੀਂ ਸੀ, ਤਾਂ ਨਾ ਕੋਈ ਵੈਰ ਵਿਰੋਧ ਸੀ ਤੇ ਨਾ ਹੀ ਕੋਈ ਹਰਖ ਸੋਗ। ਜਦੋਂ ਪਾਰਬ੍ਰਹਮ ਆਪ ਹੀ ਆਪ ਸੀ ਤਦੋਂ ਮੋਹ-ਭਰਮ, ਬੰਧਨ-ਮੁਕਤ ਆਦਿ ਕਿਸ ਨੂੰ ਕੀ ਹੋਣੇ ਸਨ। ਨਰਕ-ਸੁਰਗ, ਸ਼ਿਵ-ਸ਼ਕਤ, ਜਨਮ-ਮਰਨ ਆਦਿ ਦੀ ਕੋਈ ਕਲਪਨਾ ਹੀ ਨਹੀਂ ਸੀ। ਉਸ ਹਾਲਤ ਵਿਚ ਵਾਹਿਗੁਰੂ ਦੇ ਅਨੇਕਾਂ ਗੁਣਾਂ ਵਾਲੇ ਅਕਾਰ, ਕਰਤਾ ਪੁਰਖ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੋਨੀ ਆਦਿ ਹੋਣ ਦਾ ਖਿਆਲ ਹੀ ਨਹੀਂ ਸੀ ਬੱਝ ਸਕਦਾ, ਇਹ ਅਕਾਲ ਪੁਰਖ ਦਾ ਨਿਰਗੁਣ ਸਰੂਪ ਸੀ। ਫਿਰ ਜਦ ਸ੍ਰਿਸ਼ਟੀ ਸਾਜੀ ਤਾਂ–

ਇਕ ਕਵਾਉ ਪਸਾਉ ਕਰਿ ਕੁਦਰਤਿ ਅੰਦਰਿ ਕੀਆ ਪਸਾਰਾ ॥
ਪੰਜ ਤਤ ਪਰਵਾਣ ਕਰਿ ਚਹੁ ਖਾਣੀ ਵਿਚਿ ਸਭ ਵਰਤਾਰਾ ॥

ਭਾਈ ਗੁਰਦਾਸ ਜੀ, ਵਾਰ ੮, ਪਉੜੀ ੧

ਪ੍ਰਮਾਤਮਾ ਦੇ ਇਕ ਕਵਾਉ (ਹੁਕਮ) ਤੋਂ ਹੀ ਕੁਦਰਤ ਦਾ ਸਾਰੇ ਦਾ ਸਾਰਾ ਪਸਾਰਾ ਪਸਰ ਗਿਆ। ਇਹ ਕਿਸੇ ਨੂੰ ਕੋਈ ਪਤਾ ਨਹੀਂ ਕਿ 'ਕਰਤਾ' ਨੇ ਸ੍ਰਿਸ਼ਟੀ ਕਦ ਸਾਜੀ ? ਤੇ ਕਿਵੇਂ ਸਾਜੀ ? ਪਰ ਇਹ ਸਾਰੀ ਰਚਨਾ ਇਕ ਅਟੱਲ ਨਿਯਮ ਵਿਚ ਪ੍ਰੋਤੀ ਗਈ। ਉਸ ਦੇ ਹੁਕਮ ਤੋਂ ਬਾਹਰ ਕੋਈ ਨਹੀਂ ਜਾ ਸਕਦਾ। ਸੂਰਜ, ਚੰਦ, ਤਾਰੇ, ਧਰਤੀ, ਅਸਮਾਨ, ਖੰਡ ਬ੍ਰਹਿਮੰਡ, ਪਵਨ, ਪਾਣੀ, ਅਗਨੀ ਆਦਿ ਇਸ ਰਚਨਾ ਵਿਚ ਨਿਯਮ-ਬੱਧ ਹੋ ਕੇ ਆਪੋ ਆਪਣੀ ਜ਼ਿਮੇਵਾਰੀ ਨਿਭਾ ਰਹੇ ਹਨ, ਹੁਕਮੀ ਕਾਰ ਕਮਾ ਰਹੇ ਹਨ। ਪੰਜਾਂ ਤਤਾਂ ਦੇ ਸੁਮੇਲ ਤੋਂ ਚਾਰੇ ਖਾਣੀਆਂ ਦਾ ਪਸਾਰਾ 'ਕਰਤੇ' ਨੇ ਪਸਾਰ ਦਿਤਾ। ਅਕਾਲ ਪੁਰਖ ਦੇ ਸਿਰਜੇ ਆਪਣੇ ਹੀ ਇਸ ਪਸਾਰੇ ਨੂੰ ਉਸੇ ਦਾ ਆਪਣਾ ਸਰਗੁਣ ਰੂਪ ਕਿਹਾ ਜਾਂਦਾ ਹੈ।

ਅਕਾਲ ਪੁਰਖ ਵਲੋਂ ਇਸ ਰਚਨਾ ਵਿਚੋਂ ਅਥਵਾ ਸਰਗੁਣੀ ਪਸਾਰੇ ਵਿਚ ਸਭ ਤੋਂ ਵੱਧ ਜ਼ਿਮੇਵਾਰ ਹਸਤੀ ਮਨੁੱਖ ਦੀ ਉਸਾਰੀ ਗਈ–

ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥੮॥੧੨॥ਆਸਾ ਮ:੫,ਪੰਨਾ ੬੭੮

ਰਚਨਾ ਦੀਆਂ ਬਾਕੀ ਸਾਰੀਆਂ ਜੂਨਾਂ ਇਸ ਦੀਆਂ ਸੇਵਾਦਾਰ ਥਾਪੀਆਂ ਗਈਆਂ। ਇਸ ਸਰਗੁਣੀ ਸਰੂਪ ਵਿਚ ਹੁਣ ਧਰਮ ਤੇ ਅਧਰਮ ਦੇ ਨਿਖੇੜੇ ਹੋਣ ਲਗ ਪਏ। ਇਸ ਸਰਗੁਣੀ ਰਚਨਾ ਦਾ ਸਰਦਾਰ ਮਨੁੱਖ ਇਨ੍ਹਾਂ ਸੋਚਾਂ ਵੀਚਾਰਾਂ ਵਿਚ ਹੀ ਲਗਾ ਭੰਬਲ-ਭੂਸੇ ਖਾਣ ਕਿ ਇਹ ਸ੍ਰਿਸ਼ਟੀ ਕੱਦ ਬਣੀ ? ਕਿਵੇਂ ਬਣੀ ? ਕਿਉਂ ਬਣੀ ? ਪਹਿਲਾਂ ਕੌਣ ਸਾਜਿਆ ਗਿਆ ? ਆਦਿ ਆਦਿ। ਮਨੁੱਖਾਂ ਨੇ ਆਪੋ ਆਪਣੀ ਵਿਚਾਰਧਾਰਾ ਮੁਤਾਬਕ ਧਰਮ ਥਾਪੇ ਤੇ ਸ੍ਰਿਸ਼ਟੀ-ਰਚਨਾ ਬਾਰੇ ਆਪੋ ਆਪਣੇ ਵੀਚਾਰ ਵੀ ਦਸੇ। ਪਰ ਇਹ ਸਾਰੇ ਕਿਸੇ ਸਿੱਟੇ ਤੇ ਵੀ ਨਹੀਂ ਪੁਜ ਸਕੇ। ਪੁਜਦੇ ਵੀ ਕਿਵੇਂ ? ਗੁਰਬਾਣੀ ਤਾਂ ਨਿਰਣਾ ਕਰਕੇ ਦਸ ਰਹੀ ਹੈ–



www.AKJ.Org

ਜਾ ਕੀ ਲੀਲਾ ਕੀ ਮਿਤਿ ਨਾਹਿ ॥ ਸਗਲ ਦੇਵ ਹਾਰੇ ਅਵਗਾਹਿ ॥
ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ ਸਗਲ ਪਰੋਈ ਅਪੁਨੈ ਸੂਤਿ ॥
ਸੁਖਮਨੀ ਸਾਹਿਬ, ਅਸ਼: ੧੬, ਪਉੜੀ ੩, ਪੰਨਾ ੨੮੪

ਇਸ ਗੁੰਝਲਦਾਰ ਬੁਝਾਰਤ ਨੂੰ ਕੋਈ ਕੀ ਜਾਣ ਸਕਦਾ ਹੈ। ਅਟਕਲ-ਪੱਚੂ ਕਿਆਫ਼ੇ ਹਨ, ਲਾਈ ਜਾਂਦੇ ਹਨ। ਅਸਲੀਅਤ ਨੂੰ ਕੋਈ ਨਹੀਂ ਜਾਣ ਸਕਦਾ।

ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਝੰਬੇਲੇ ਵਿਚੋਂ ਮਨੁਖ ਨੂੰ ਕਢਣ ਲਈ ਸਪਸ਼ਟ ਕੀਤਾ–

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ [ਜਪੁਜੀ, ਪਉੜੀ ੨੧

ਸ੍ਰੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸ ਖ਼ਿਆਲ ਦੀ ਪੁਸ਼ਟੀ ਵਿਚ ਮੋਹਰ ਲਗਾ ਦਿਤੀ ਤੇ ਫ਼ੁਰਮਾਇਆ–

ਤੁਮਰਾ ਲਖਾ ਨਾ ਜਾਏ ਪਸਾਰਾ ॥ ਕਿਹ ਬਿਧਿ ਸਜਾ ਪ੍ਰਿਥਮ ਸੰਸਾਰਾ ॥੧੭॥ ਪਾ: ੧੦ ਕਬਯੋ ਬਾਚ ਬੇਨਤੀ ਚੌਪਈ

ਇਉਂ ਸਤਿਗੁਰਾਂ ਨੇ ਮਨੁਖ ਨੂੰ ਇਸ ਸਰਗੁਣੀ ਸਰੂਪ ਦੇ ਭੇਦ ਨੂੰ ਲਖਣ ਲਈ ਵਹਿਮਾਂ ਭਰਮਾਂ ਵਿਚੋਂ ਕਢਿਆ ਤੇ ਇਸ ਦਾ ਧਿਆਨ ਉਸ ਸਰਦਾਰ ਪਦਵੀ ਦੀਆਂ ਜ਼ਿਮੇਵਾਰੀਆਂ ਵਲ ਖਿਚਿਆ। ਮਨੁਖ ਨੂੰ ਸਮਝਾਇਆ ਕਿ–

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥੮॥ ਜਪੁਜੀ, ਪਉੜੀ ੨੯

ਮਿਲਾਪ ਤੇ ਵਿਛੋੜਾ, ਜੰਮਣ ਤੇ ਮਰਨ ਦੇ ਨਿਯਮਾਂ ਅਨੁਸਾਰ ਸ੍ਰਿਸ਼ਟੀ ਦੀ ਕਾਰ ਚਲ ਰਹੀ ਹੈ। ਸਰਗੁਣ ਸਰੂਪ ਦੀ ਕਾਰ ਚਲਾਉਣ ਲਈ ਪ੍ਰਭੂ ਨੇ ਆਪ ਹੀ ਇਹ ਕੀਤੇ ਹਨ–

ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ ॥ ਸ੍ਰਿਸਟਿ ਉਪਾਇ ਦੁਖਾ ਸੁਖ ਦੀਏ ॥ ਮਾਰੂ ਮਹਲਾ ੧, ਪੰਨਾ ੧੦੩੨

ਇਨ੍ਹਾਂ ਵਿਚ ਮਨੁਖੀ ਕਲਪਣਾ ਨੂੰ ਕੋਈ ਥਾਂ ਨਹੀਂ। ਸਤਿਗੁਰੂ ਜੀ ਨੇ ਮਨੁਖ ਨੂੰ ਇਹ ਸੋਝੀ ਦਿਤੀ ਕਿ ਅਕਾਲ ਪੁਰਖ ਨੇ ਇਸ ਸਰਗੁਣ ਕਾਰ ਨੂੰ ਚਲਾਉਣ ਲਈ ਹੀ ਸਭਨਾਂ ਨੂੰ ਆਪਣੇ ਭੈ ਵਿਚ, ਹੁਕਮ ਵਿਚ ਬੰਨ੍ਹਿਆ ਹੋਇਆ ਹੈ–

ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥...੧॥੪॥
ਆਸਾ ਦੀ ਵਾਰ, ਸਲੋਕ ਮ: ੧, ਪੰਨਾ ੪੬੪

ਜਿਥੇ ਪਉਣ, ਪਾਣੀ, ਬੈਸੰਤਰ, ਦਰਿਆ, ਧਰਤੀ, ਇੰਦਰ, ਧਰਮਰਾਜ ਤੇ ਸੂਰਜ ਚੰਦ ਆਦਿ ਕੁਦਰਤ ਦੇ ਨਿਯਮ-ਬੱਧ ਹੋ ਕੇ ਆਪੋ ਆਪਣੀ ਜ਼ਿਮੇਵਾਰੀ ਨੂੰ ਨਿਭਾ ਰਹੇ ਹਨ ਅਤੇ ਮਨੁਖ ਦੀ ਸਰਦਾਰੀ ਨੂੰ ਕਾਇਮ ਦਾਇਮ ਰਖਣ ਲਈ ਇਸ ਦੀ ਸੇਵਾ ਵਿਚ ਜੁਟੇ ਹੋਏ ਹਨ ਉਥੇ ਮਨੁਖ 'ਕਰਤਾ ਪੁਰਖ' ਪ੍ਰਤੀ ਆਪਣੇ ਫ਼ਰਜ਼ ਪੂਰੇ ਤੌਰ ਤੇ ਨਹੀਂ ਨਿਭਾ ਰਿਹਾ। ਕਰਤੇ ਦੀਆਂ ਸਭ ਬਖਸ਼ਸ਼ਾਂ ਪ੍ਰਾਪਤ ਕਰ ਕੇ ਅਤੇ ਸਾਰੀ ਪ੍ਰਕ੍ਰਿਤੀ ਤੇ ਬਾਕੀ ਜੂਨਾਂ ਵਲੋਂ ਪੂਰੀਆਂ ਪੂਰੀਆਂ ਸਹੂਲਤਾਂ ਪ੍ਰਾਪਤ ਕਰ ਕੇ ਵੀ, 'ਦਾਤਿ ਪਿਆਰੀ ਵਿਸਰਿਆ ਦਾਤਾਰਾ"* ਵਾਲੀ ਦੁਰਦਸ਼ਾ ਦਾ ਭਾਗੀ ਬਣ ਰਿਹਾ ਹੈ। ਅਕਾਲ ਪੁਰਖ ਦੇ ਸਰਗੁਣ ਸਰੂਪ ਵਿਚ ਉਲਝ ਕੇ ਉਸ ਨਿਰਗੁਣ ਸਰੂਪ ਨੂੰ ਵਿਸਾਰ ਬੈਠਾ ਹੈ।

---

* ਧਨਾਸਰੀ ਮ: ੫ ਘਰੁ ੨, ਪੰਨਾ ੬੭੬



www.AKJ.Org

# 'ਗੁਰਸਿਖ ਮੀਤ ਚਲਹੁ ਗੁਰ ਚਾਲੀ'

(੧) ਕੇਸ ਗੁਰੂ ਕੀ ਮੋਹਰ ਹਨ। ਇਨ੍ਹਾਂ ਦੀ ਸੰਭਾਲ ਲਈ ਦੋਨੋਂ ਵਕਤ ਕੰਘਾ ਕਰਨਾ ਅਤੇ ਢਕ ਕੇ ਰਖਣ ਲਈ ਕੇਸਕੀ (ਦਸਤਾਰ) ਹਰ ਵਕਤ ਹਰੇਕ ਖਾਲਸਾ ਸਿੰਘ ਸਿੰਘਣੀ ਲਈ ਰਖਣੀ ਲਾਜ਼ਮੀ ਹੈ।

(੨) ਸਰੀਰ ਦੇ ਸਾਰੇ ਰੋਮ ਕੇਸ ਹਨ ਅਤੇ ਕੇਸਾਂ ਨੂੰ ਕਟਣਾ ਜਾਂ ਲਾਹੁਣਾ ਪਤਿਤ ਕਰਮ ਹੈ। ਗੁਰੂ ਕੇ ਸਿੱਖਾਂ ਨੇ ਖੋਪਰੀਆਂ ਲੁਹਾ ਲਈਆਂ, ਤਨ ਆਰਿਆਂ ਨਾਲ ਚਿਰਵਾ ਲਏ, ਚਰਖੜੀਆਂ ਤੇ ਚੜ੍ਹ ਗਏ, ਨੀਹਾਂ ਵਿਚ ਚਿਣੇ ਗਏ, ਪਰ ਗੁਰਸਿਖੀ ਕੇਸਾਂ ਸੁਆਸਾਂ ਨਾਲ ਤੋੜ ਨਿਭਾ ਗਏ।

(੩) ਦਾੜ੍ਹੇ ਤੇ ਸੀਸ ਦੇ ਕੇਸ ਰੰਗਣੇ ਗੁਰੂ ਕੇ ਸਿਖਾਂ ਲਈ ਵਿਵਰਜਿਤ ਹੈ।

(੪) ਬੱਚਿਆਂ ਨੂੰ ਛੋਟੀ ਉਮਰ ਤੋਂ ਦਸਤਾਰ ਸਜਾਓ। ਕੇਸਾਂ ਦੇ ਜੂੜੇ ਉਪਰ ਕੇਵਲ ਰੁਮਾਲ ਬੰਨ੍ਹ ਛਡਣ ਨਾਲ ਕੇਸਾਂ ਦੀ ਬੇਅਦਬੀ ਹੁੰਦੀ ਹੈ ਅਤੇ ਘਟਾ ਮਿਟੀ ਕੇਸਾਂ ਵਿਚ ਪੈਂਦਾ ਰਹਿੰਦਾ ਹੈ।

(੫) ਬੱਚਿਆਂ ਨੂੰ ਬਚਪਨ ਤੋਂ ਗੁਰਬਾਣੀ ਪੜ੍ਹਾਉਣ ਤੇ ਰਹਿਤ ਰਖਣ ਦੀ ਆਦਤ ਪਾਓ।

---

# ਅਖੰਡ ਕੀਰਤਨੀ ਜਥੇ ਦੀ ਜਥੇਬੰਦਕ ਮੀਟਿੰਗ ਦਿਲੀ ਵਿਖੇ

ਭਾਈ ਸਾਹਿਬ ਰਾਮ ਸਿੰਘ ਜੀ ਜਥੇਦਾਰ ਅਖੰਡ ਕੀਰਤਨੀ ਜਥਾ, ਜਿਨ੍ਹਾਂ ਨੇ ੧੪ ਸਤੰਬਰ ਨੂੰ ਧਰਮ-ਯੁੱਧ ਮੋਰਚੇ ਵਿਚ ਜਥੇ ਸਮੇਤ ਗ੍ਰਿਫਤਾਰੀ ਦਿਤੀ ਸੀ, ਉਹ ੧੯ ਅਕਤੂਬਰ ਨੂੰ ਜੇਲ੍ਹ ਤੋਂ ਰਿਹਾ ਕਰ ਦਿਤੇ ਗਏ ਹਨ। ਜਥੇਦਾਰ ਦੀ ਨਵੀਂ ਚੋਣ ਲਈ ਦਿਲੀ ਦੁਸਹਿਰੇ ਸਮਾਗਮ ਸਮੇਂ ੨੫ ਅਕਤੂਬਰ ਦੁਪਹਿਰ ਨੂੰ ਰਿਹਾਇਸ਼-ਅਸਥਾਨ ਤੇ ਮੀਟਿੰਗ ਹੋ ਰਹੀ ਹੈ। ਇਸ ਮੀਟਿੰਗ ਦੀ ਕਾਰਵਾਈ ਆਉਂਦੇ ਪਰਚੇ ਵਿਚ ਦਿਤੀ ਜਾਵੇਗੀ।

---

## ਲਿਖਾਰੀ ਸਜਣਾਂ ਪਾਸ ਬੇਨਤੀ

ਆਪਣੇ ਲੇਖ ਸਫੇ ਦੇ ਇਕ ਪਾਸੇ ਸਾਫ ਸੁਥਰੇ ਲਿਖ ਕੇ ਭੇਜੋ। ਸਫੇ ਦਾ ਚੌਥਾ ਹਿਸਾ ਹਾਸ਼ੀਆ ਜ਼ਰੂਰ ਛਡੋ ਅਤੇ ਗੁਰਬਾਣੀ ਦੀਆਂ ਤੁਕਾਂ ਸੋਧ ਕੇ ਨਾਲ ਪੰਨੇ ਲਿਖੋ ਜੀ।

## ਪਾਠਕ ਸਜਣਾਂ ਪ੍ਰਤੀ ਬੇਨਤੀ

੧. ਹਰੇਕ ਪਾਠਕ ਦਾ 'ਸੂਰਾ' ਹਰ ਪਹਿਲੀ ਤਰੀਕ ਨੂੰ ਰਜਿਸਟਰ ਨਾਲ ਚੈਕ ਕਰ ਕੇ ਡਾਕੇ ਪਾ ਦਿਤਾ ਜਾਂਦਾ ਹੈ। ਕਈ ਪਰਚੇ ਰਾਹ ਵਿਚ ਗੁੰਮ ਕਰ ਲਏ ਜਾਂਦੇ ਹਨ। ਜੇ ਆਪ ਨੂੰ ੧੫ ਤਰੀਕ ਤਕ ਪਰਚਾ ਨਾ ਮਿਲੇ ਤਾਂ ਉਸੇ ਮਹੀਨੇ ਓਦੋਂ ਹੀ ਸਾਨੂੰ ਕਾਰਡ ਪਾ ਦਿਓ, ਅਸੀਂ ਹੋਰ ਪਰਚਾ ਭੇਜ ਦਿਆਂਗੇ।

੨. ਚੰਦਾ ਖ਼ਤਮ ਹੋਣ ਦੀ ਮੋਹਰ ਜਿਸ ਪਰਚੇ ਤੇ ਮਿਲੇ, ਓਦੋਂ ਹੀ ਚੰਦਾ ਮਨੀਆਰਡਰ ਕਰ ਦੇਵੋ ਜੀ।

੩. ਗੁਰਮਤਿ ਦੇ ਪਰਚਾਰ ਲਈ 'ਸੂਰਾ' ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਓ ਜੀ।

੪. ਰਿਸ਼ਤੇ ਨਾਤਿਆਂ ਲਈ ਫਾਰਮ ਭਰ ਕੇ ਭੇਜੋ। ਇਹ ਫਾਰਮ 'ਸੂਰਾ' ਦਫਤਰ ਚੋਂ ਵਾਪਸੀ ਲਫ਼ਾਫ਼ਾ ਭੇਜ ਕੇ ਮੰਗਵਾਓ।

---

## ਅੰਬਾਲੇ ਸ਼ਹਿਰ ਵਿਖੇ ਰੈਣ ਸਬਾਈ ਕੀਰਤਨ

ਭਾਈ ਬਲਵਿੰਦਰ ਸਿੰਘ ਅਤੇ ਸਰਬਜੀਤ ਕੌਰ ਖਾਲਸਾ ਸੂਚਿਤ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਖਾਲਸਾ ਕੁਟੀਰ, ੨੮੩-ਪ੍ਰੇਮ ਨਗਰ ਅੰਬਾਲਾ ਸ਼ਹਿਰ ਵਿਖੇ ਸ਼ਨੀਵਾਰ ੧੩ ਅਕਤੂਬਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ।

---

## ਪੂਰਬ ਜਨਮ ਕੇ ਮਿਲ ਸੰਜੋਗੀ

ਮਾਨਯੋਗ ਬਾਊ ਮੱਲ ਸਿੰਘ ਜੀ ਦੀ ਗੁਰਮਤੀ ਜ਼ੀਵਨੀ ਪ੍ਰੋਫੈਸਰ ਠਾਕਰ ਸਿੰਘ ਲਿਖਤ ਮੁਕੰਮਲ ਪੁਸਤਕ ਰੂਪ ਵਿਚ ਛਪ ਚੁਕੀ ਹੈ, ਜਿਸ ਵਿਚੋਂ ਕੁਝ ਕਿਸ਼ਤਾਂ 'ਸੂਰਾ' ਵਿਚ ਛਪ ਚੁਕੀਆਂ ਹਨ। ਇਸ ਪੁਸਤਕ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਸੰਬੰਧਤ ਬੜੇ ਰੌਚਿਕ ਪ੍ਰਸੰਗ ਦਿਤੇ ਹੋਏ ਹਨ। ਇਹ ਜੀਵਨੀ ਗੁਰਸਿੱਖਾਂ ਨੂੰ ਗੁਰਮਤਿ ਦੀਆਂ ਸੋਧਾਂ ਦਿੰਦੀ ਹੈ। ਪੜ੍ਹ ਕੇ ਲਾਹੇ ਪ੍ਰਾਪਤ ਕਰੋ। ਸਫੇ ੨੫੬, ਕਾਗਜ਼ ਛਪਾਈ ਚੰਗੀ, ਪੇਪਰ ਬੈਕ ੫-/ ਡੀਲਕਸ ੮/-

## ਰੰਗਲੇ ਸਜਣ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕ "ਰੰਗਲੇ ਸਜਣ" ਨਵੀਂ ਐਡੀਸ਼ਨ ਛਪ ਕੇ ਆ ਗਈ ਹੈ। ਇਸ ਪੁਸਤਕ ਵਿਚ ਭਾਈ ਸਾਹਿਬ ਜੀ ਦੇ ਨਿਕਟਵਰਤੀ ਹੋ-ਚੁਕੇ-ਗੁਰਸਿਖਾਂ ਦੇ ਅਤਿ ਰੰਗਲੇ ਜੀਵਨ ਹਨ, ਜਿਨ੍ਹਾਂ ਨੂੰ ਪੜ੍ਹ ਕੇ ਗੁਰਸਿੱਖੀ ਦੀ ਰੰਗਣ ਚੜ੍ਹਦੀ ਹੈ।



www.AKJ.Org

# ਪਿਆਰੀ ਸਿੱਖੀ

ਸ: ਤੇਗਬਹਾਦਰ ਸਿੰਘ 'ਤੇਗ'

ਆਰੇ ਨਾਲ ਚੀਰ,
ਭਾਵੇਂ—
ਚਰਖੀ ਤੇ ਚਾੜ੍ਹ।
ਨੇਜਿਆਂ ਤੇ ਟੰਗ,
ਭਾਵੇਂ—
ਖੋਪਰ ਉਤਾਰ।
ਜੀਂਦੇ ਨੂੰ ਸਾੜ,
ਭਾਵੇਂ —
ਤਵੀ ਉਤੇ ਰਾੜ੍ਹ।
ਸਿੱਖੀ ਨਾਲ ਪਿਆਰ,
ਸਾਨੂੰ
ਸਿੱਖੀ ਨਾਲ ਪਿਆਰ।

ਦੇਗਾਂ 'ਚ ਉਬਾਲ,
ਮਾਰ
ਡਾਂਗਾਂ ਤਾੜ ਤਾੜ।
ਮਨ ਵਿਚ ਆਉਂਦਾ
ਨਹੀਂ—
ਸਾਡੇ ਇਹ ਖ਼ਿਆਲ।
ਚਾਅ ਆਪਣਾ ਤੂੰ ਲਾਹ,
ਭਾਵੇਂ—
ਖੱਲੜੀ ਉਤਾਰ।
ਸਿੱਖੀ ਨਾਲ ਪਿਆਰ,
ਸਾਨੂੰ
ਸਿੱਖੀ ਨਾਲ ਪਿਆਰ।

ਬੰਦ ਬੰਦ ਕੱਟ,
ਭਾਵੇਂ—
ਫਾਂਸੀ ਉਤੇ ਚਾੜ੍ਹ।
ਚਾਂਦਨੀ ਦੇ ਚੌਕ,
ਭਾਵੇਂ—
ਸੀਸ ਸਾਡੇ ਉਤਾਰ।
ਜੇਲ੍ਹਾਂ ਵਿਚ ਤਾੜ
ਭਾਵੇਂ—
ਮੁਕਾਬਲੇ 'ਚ ਮਾਰ।
ਸਿੱਖੀ ਨਾਲ ਪਿਆਰ,
ਸਾਨੂੰ
ਸਿੱਖੀ ਨਾਲ ਪਿਆਰ।

ਸਿੱਖੀ ਸਾਡੀ ਜਿੰਦ
ਸਿੱਖੀ ਸਾਡੀ ਜਾਨ।
ਸਿੱਖੀ ਸਾਡੇ ਨੈਣ,
ਸਿੱਖੀ ਹੀ ਪ੍ਰਾਣ।
ਸਿੱਖੀ ਤੋਂ ਜਾਈਏ,
ਅਸੀਂ ਸਦਾ ਕੁਰਬਾਨ।
ਸਿੱਖੀ ਤੋਂ ਜਾਈਏ,
ਅਸੀਂ ਸਦਾ ਬਲਿਹਾਰ।
ਸਿੱਖੀ ਨਾਲ ਪਿਆਰ,
ਸਾਨੂੰ
ਸਿੱਖੀ ਨ ਲ ਪਿਆਰ।

---

# ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ਼ੀਹਾ ਉਪਲ ਦੀ ਸਾਖੀ

[ਅਕਾਲੀ ਗੁਰਚਰਨ ਸਿੰਘ ਜੀ, ਕਾਨ੍ਹਪੁਰ]

ਸ਼ੀਹਾ ਉਪਲ, ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਿੱਖ ਸੀ। ਸਤਿਗੁਰੂ ਜੀ ਇਕ ਦਿਨ ਨਿਵਾਸ-ਅਸਥਾਨ ਤੋਂ ਬਾਹਰ ਨਿਕਲੇ ਤਾਂ ਰਾਹ ਵਿਚ ਸ਼ੀਹਾ ਉਪਲ ਮਿਲ ਗਿਆ। ਉਹ ੧੦੦ ਬਕਰੇ ਲਈ ਜਾ ਰਿਹਾ ਸੀ। ਉਸ ਦੇ ਲੜਕੇ ਦਾ ਜਨਮ-ਦਿਨ ਸੀ ਅਤੇ ਬਿਰਾਦਰੀ ਨੂੰ ਮਾਸ ਦਾ ਭੋਜਨ ਛਕਾਉਣਾ ਚਾਹੁੰਦਾ ਸੀ। ਪਰ ਗੁਰੂ ਜੀ ਨੇ ਉਸ ਨੂੰ ਰੋਕ ਲਿਆ ਅਤੇ ਉਪਦੇਸ਼ ਕੀਤਾ ਕਿ ਸਾਰੇ ਜੀਵਾਂ ਨੂੰ ਛੱਡ ਦਿਉ। ਇਹਨਾਂ ਦੀ ਹਤਿਆ ਦਾ ਪਾਪ ਆਪਣੇ ਸਿਰ ਨਾ ਲਵੋ। ਸਭ ਬਿਰਾਦਰੀ ਨੂੰ ਪਵਿਤਰ ਤੇ ਸਾਤਵਿਕ (Vegetarian) ਭੋਜਨ ਦਿਉ। ਮਾਸ ਦਾ ਭੋਜਨ ਨਾ ਛਕਾਉ। ਇਹ ਸਾਖੀ ਸੂਰਜ ਪ੍ਰਕਾਸ਼ ਗ੍ਰੰਥ (ਰਾਸ ੧, ਧਿਆਇ ੨੬) ਵਿਚ ਹੈ।

**ਤਵਾਰੀਖ ਗੁਰੂ ਖਾਲਸਾ ਪੰਨਾ** ੨੯੯–੩੦੦

"ਗੁਰੂ ਘਰ ਵਿਚ ਹਰ ਪ੍ਰਾਣੀ ਨੂੰ ਪਹਿਲਾ ਉਪਦੇਸ਼ ਹੈ, ਸਿਮਰਨ ਕਰੇ, ਕਿਉਂਕਿ ਗੁਰਮਤਿ ਅਨੁਸਾਰ 'ਸਰਬ ਰੋਗ ਕਾ ਅਉਖਦੁ ਨਾਮੁ' ਹੈ ਤੇ ਨਾਮ-ਸਿਮਰਨ ਲਈ ਪਹਿਲਾਂ ਅਹਾਰ ਪਵਿੱਤਰ ਹੋਣਾ ਚਾਹੀਦਾ ਹੈ ਤੇ ਅਹਾਰ ਵਿਚ ਮਾਸ ਤੇ ਸ਼ਰਾਬ ਦੋਵੇਂ ਹੀ ਵਿਕਾਰੀ ਵਸਤੂਆਂ ਹਨ, ਜੋ ਕਿ ਗੁਰ-ਸਿਖ ਲਈ ਸਖਤ ਵਰਜਿਤ ਹਨ।"



www.AKJ.Org

## ਬੰਗਾ ਵਿਚ ਸਾਲਾਨਾ ਸ਼ਹੀਦੀ ਕੀਰਤਨ ਸਮਾਗਮ, ਰੈਣ ਸਬਾਈ ਅਤੇ ਅੰਮ੍ਰਿਤ-ਸਿੰਚਾਰ

### ਗੁਰਦੁਆਰਾ ਪਾ: ੬ ਚਰਨ ਕੰਵਲ ਬੰਗਾ ਵਿਖੇ ਵੀਰਵਾਰ ਸਵੇਰੇ 18 ਤੋਂ 21 ਨਵੰਬਰ ਸਵੇਰ ਤਕ

ਹਰ ਸਾਲ ਵਾਂਗ ਸਾਹਿਬ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਗੁਰਪੁਰਬ ਇਲਾਕੇ ਦੀਆਂ ਸੰਗਤਾਂ ਵਲੋਂ ਮਨਾਇਆ ਜਾ ਰਿਹਾ ਹੈ। ੧੮ ਨਵੰਬਰ ਸਵੇਰੇ ੫ ਵਜੇ ਸ੍ਰੀ ਅਖੰਡਪਾਠ ਅਰੰਭ ਗੁ: ਚਰਨ ਕੰਵਲ ਵਿਖੇ, ੧੯ ਨਵੰਬਰ ਰਾਤ ੮ ਤੋਂ ੧੧ ਸ਼ਬਦ ਚੌਕੀ ਗੁ: ਸਿੰਘ ਸਭਾ ਅਜ਼ਾਦ ਚੌਕ ਵਿਖੇ, ੨੦ ਨਵੰਬਰ ਸਵੇਰੇ ਭੋਗ ਸ੍ਰੀ ਅਖੰਡਪਾਠ ਅਤੇ ਅਖੰਡ ਕੀਰਤਨ ੧੧ ਵਜੇ ਤਕ, ਸ਼ਾਮ ੫ ੫ ਵਜੇ ਅੰਮ੍ਰਿਤ-ਸਿੰਚਾਰ ਅਰੰਭ, ਰੈਣ ਸਬਾਈ ਸ਼ਾਮ ੭ ਵਜੇ ਅਰਭ ਹੋ ਕੇ ੨੧ ਨਵੰਬਰ ਸਵੇਰੇ ੭ ਵਜੇ ਭੋਗ ਪੈਣਗੇ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ। ਗੁਰਦੁਆਰਾ ਚਰਨ ਕੰਵਲ ਪਾ: ੬ ਫਗਵਾੜਾ-ਨਵਾਂ ਸ਼ਹਿਰ ਸੜਕ ਤੇ ਹੈ ਅਤੇ ਬੰਗਾ ਤੋਂ ਇਕ ਕਿਲੋਮੀਟਰ ਹੈ।

ਪੁਛ ਗਿਛ—ਭਾਈ ਕਰਨੈਲ ਸਿੰਘ ਭੋਗਲ, ਫਰਨੀਚਰ ਹਾਊਸ, ਰੇਲਵੇ ਰੋਡ, ਬੰਗਾ।
(੨) ਭਾਈ ਹਰਮਹਿੰਦਰ ਸਿੰਘ ਗੋਬਿੰਦਪੁਰੀ, ਸਿਖ ਨੈਸ਼ਨਲ ਕਾਲਜ, ਬੰਗਾ।

## ਸ਼ਹੀਦੀ ਗੁਰਪੁਰਬ ਦੇ ਸੰਬੰਧ ਵਿਚ ਬਸੀ ਪਠਾਣਾਂ ਵਿਖੇ ਰੈਣ ਸਬਾਈ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਮਨਾਂਦੇ ਹੋਏ ਲਾਲ ਗੁਰਦੁਆਰਾ, ਧੋਬੀ ਮਹੱਲਾ ਬਸੀ ਪਠਾਣਾਂ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ।

ਦਾਸਰਾ—ਜਸਵੰਤ ਸਿੰਘ, 21441- ਧੋਬੀ ਮਹੱਲਾ, ਬਸੀ ਪਠਾਣਾਂ, ਜਿਲਾ ਪਟਿਆਲਾ

## ਅਬੋਹਰ ਵਿਚ ਰੈਣ ਸਬਾਈ ਕੀਰਤਨ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼-ਉਤਸਵ ਦੇ ਸੰਬੰਧ ਵਿਚ ਗੁਰਦੁਆਰਾ ਗੁਰੂ ਅੰਗਦ ਸਾਹਿਬ ਸੂਰਜ ਨਗਰੀ ਅਬੋਹਰ ਵਿਖੇ ੧੩ ਨਵੰਬਰ ਸ਼ਨੀਵਾਰ ਦੀ ਰਾਤ ਰੈਣ ਸਬਾਈ ਅਖੰਡ ਕੀਰਤਨ ਹੋ ਰਹੇ ਹਨ। ਗੁਰਸਿਖ ਸੰਗਤਾਂ ਹਾਜ਼ਰੀਆ ਭਰ ਕੇ ਲਾਹੇ ਪ੍ਰਾਪਤ ਕਰਨ।

## ਅੰਮ੍ਰਿਤਸਰ ਅਖੰਡ ਕੀਰਤਨੀ ਜਥੇ ਵਲੋਂ
## ਇਤਿਹਾਸਕ ਗੁਰ-ਅਸਥਾਨਾਂ ਵਿਖੇ ਅਖੰਡ ਕੀਰਤਨ

(1) ਗੁਰਦੁਆਰਾ ਲੋਹਗੜ੍ਹ ਸਾਹਿਬ ਵਿਖੇ ੨੧ ਨਵੰਬਰ ਐਤਵਾਰ ਸ਼ਾਮ ੫ ਤੋਂ ੭-੩੦
(2) ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ੨੮ ਨਵੰਬਰ ਐਤਵਾਰ ਸ਼ਾਮ ੫ ਤੋਂ ੭-੩੦
(3) ਗੁਰਦੁਆਰਾ ਪਿਪਲੀ ਸਾਹਿਬ ਪੁਤਲੀਘਰ ਵਿਖੇ ੫ ਦਸੰਬਰ ਸ਼ਾਮ ੫ ਤੋਂ ੮-੩੦ ਤਕ

## ਸ਼ਹੀਦਾਂ ਦੀ ਯਾਦ ਵਿਚ ਮਾਸਕ ਰੈਣ ਸਬਾਈ ਕੀਰਤਨ

ਭਾਈ ਗੁਰਦਿਆਲ ਸਿੰਘ ਜੀ ਸੂਚਨਾ ਦਿੰਦੇ ਹਨ ਕਿ ੧੯੭੮ ਵੈਸਾਖੀ ਦੇ ਸ਼ਹੀਦਾਂ ਦੀ ਯਾਦ ਵਿਚ ੨੦ ਨਵੰਬਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਗੁ: ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋ ਰਹੇ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਵਸ ਹੈ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

www.AKJ.org